PROTECTION PARTNERSHIP PEACE

# ਸਾਂਝ:
# ਪ੍ਰਸ਼ਾਸਨਿਕ ਢਾਂਚਾ:
# ਕਾਰਜ ਅਤੇ ਕਾਰਜਕਾਰੀ



idc
www.idcindia.org
INSTITUTE FOR DEVELOPMENT AND COMMUNICATION

# ਸਾਂਝ:
# ਪ੍ਰਸ਼ਾਸਨਿਕ ਢਾਂਚਾ:
# ਕਾਰਜ ਅਤੇ ਕਾਰਜਕਾਰੀ

Pramod Kumar
Assisted by:Harsh Chopra

INSTITUTE FOR DEVELOPMENT AND COMMUNICATION, CHANDIGARH

© Institute for Development and Communication, 2021

Published by
Institute for Development and Communication, 2021
Sector 38A, Chandigarh - 160 014, India

Tel : 0172-2625941
Fax : 0172-2625942
E-mail : idcindia@idcindia.org

All rights reserved. No part of this publication may be reproduced, stored in a retrieval system or transmitted, in any form or by any means, electronic, mechanical, photocopying, recording or otherwise, without prior permission in writing of Institute for Development and Communication.

# ਵਿਸ਼ਾ-ਸੂਚੀ


**ਭਾਗ–1** **ਕਮਿਊਨਿਟੀ ਪੁਲਿਸਿੰਗ ਪਹਿਲਕਦਮੀਆਂ** **1–3**

- ਪਹਿਲਕਦਮੀ ਅਡਹਾਕ ਹੀ ਰਹੀ
- ਸਮੱਸਿਆ–ਕੇਂਦਰਿਤ
- ਸਿਆਸੀ ਦਖਲ

**ਭਾਗ–2** **ਕਮਿਊਨਿਟੀ ਪੁਲਿਸਿੰਗ: ਮੁਮਕਿਨ ਵਿਕਲਪ** **4–8**

- ਕਮਿਊਨਿਟੀ ਪੁਲਿਸਿੰਗ ਦੀਆਂ ਵਿਸ਼ੇਸ਼ਤਾਈਆਂ
- ਕਮਿਊਨਿਟੀ ਦੇ ਸਹਿਯੋਗ ਨਾਲ ਪੁਲਿਸਿੰਗ ਕਰਨ ਦੀਆਂ ਮੁੱਖ ਖੂਬੀਆਂ

**ਭਾਗ–3** **ਕਮਿਊਨਿਟੀ ਪੁਲਿਸਿੰਗ ਨੂੰ ਸੰਸਥਾਈ ਰੂਪ ਦੇਣਾ** **9–13**

- ਕਮਿਊਨਿਟੀ ਪੁਲਿਸਿੰਗ ਪ੍ਰੋਗਰਾਮ (ਸਾਂਝ) ਕੀ ਚੀਜ਼ ਹੈ?

**ਭਾਗ–4** **ਕਮਿਊਨਿਟੀ ਪੁਲਿਸਿੰਗ ਪ੍ਰੋਗਰਾਮ (ਸਾਂਝ) ਦਾ ਸੰਸਥਾਗਤ ਢਾਂਚਾ** **14–26**

- ਕਮਿਊਨਿਟੀ ਅਫੇਅਰਜ਼ ਡਿਵੀਜ਼ਨ (ਸੀਏਡੀ): ਪੁਲਿਸ ਹੈੱਡਕੁਆਟਰ ਲੈਵਲ
- ਕਮਿਊਨਿਟੀ ਪੁਲਿਸਿੰਗ ਮੋਨੀਟਰਿੰਗ ਅਤੇ ਮੁੱਲਾਂਕਣ ਯੂਨਿਟ (ਜੋਨ ਪੱਧਰ ਤੇ)
- ਕਮਿਊਨਿਟੀ ਪੁਲਿਸਿੰਗ ਮੋਨੀਟਰਿੰਗ ਯੂਨਿਟ (ਰੇਂਜ ਪੱਧਰ ਤੇ)
- ਜ਼ਿਲਾ ਸਾਂਝ ਕੇਂਦਰ — ਜ਼ਿਲਾ ਪੱਧਰ ਉਤੇ ਕਮਿਊਨਿਟੀ ਪੁਲਿਸ ਸਰੋਤ ਕੇਂਦਰ
- ਸਬ–ਡਿਵੀਜ਼ਨ ਸਾਂਝ ਕੇਂਦਰ (ਸੀਪੀਐਸਸੀ) — ਸਬ–ਡਿਵੀਜ਼ਨ ਦੇ ਪੱਧਰ ਉਤੇ
- ਥਾਣਾ ਸਾਂਝ ਕੇਂਦਰ (ਪੀਐਸਓਸੀ)
- ਕਮਿਊਨਿਟੀ ਪੁਲਿਸਿੰਗ ਪ੍ਰੋਗਰਾਮ ਸਾਂਝ ਦੇ ਮੁੱਖ ਨੁਕਤੇ

**ਭਾਗ–5** **ਪੰਜਾਬ ਵਿਚ ਸਾਂਝ ਕੇਂਦਰਾਂ ਦੀਆਂ ਇਕਾਈਆਂ** **27–50**

# ਭਾਗ-1

# ਕਮਿਊਨਿਟੀ ਪੁਲਿਸਿੰਗ ਪਹਿਲਕਦਮੀਆਂ

ਪੰਜਾਬ ਵਰਗੇ ਸੰਤਾਪ ਹੰਢਾ ਚੁਕੇ ਸਮਾਜ ਵਿਚ ਕਮਿਊਨਿਟੀ ਪੁਲਿਸਿੰਗ ਦੀ ਲੋੜ ਲੋਕਾਂ ਨੇ ਵੀ ਅਤੇ ਪੁਲਿਸ ਨੇ ਵੀ ਮਹਿਸੂਸ ਕੀਤੀ ਹੈ। ਇਸ ਜ਼ਰੂਰਤ ਨੂੰ ਜ਼ਿਆਦਾ ਪੁਲਿਸ ਨੇ ਹੀ ਮਹਿਸੂਸ ਕੀਤਾ ਹੈ ਕਿਉਂਕਿ ਸਿਪਾਹੀਆਂ ਦੀ ਵਡੀ ਗਿਣਤੀ ਵਿਚ ਮੌਜੂਦਗੀ ਨੇ ਨਾ ਕੇਵਲ ਪੁਲਿਸ ਬਲ ਨੂੰ ਉਚੇਰੀ ਦ੍ਰਿਸ਼ਟੀ ਹੀ ਦਿਤੀ ਸਗੋਂ ਲੋਕਾਂ ਦਾ ਪੁਲਿਸ ਨਾਲ ਅਕਸਰ ਦਾ ਸੰਪਰਕ ਵੀ ਬਣਾਇਆ। ਪਹਿਲਾਂ ਦੀ, ਭਾਈਚਾਰੇ (ਕਮਿਊਨਿਟੀ) ਅਤੇ ਪੁਲਿਸ ਦੋਹਾਂ ਦੇ ਮਨਾਂ ਵਿਚ ਪੁਲਿਸ ਦੀ ਇਕ ਲਾਗੂ ਕਰਨ ਵਾਲੀ ਏਜੰਸੀ ਵਜੋਂ ਧਾਰਨਾ ਨੇ ਕਾਨੂੰਨ ਤੋੜਣ ਵਾਲਿਆਂ ਦੇ ਖਿਲਾਫ ਸਖਤ ਕਾਰਵਾਈ ਕਰਦਿਆਂ ਜੁਰਮ ਦੀ ਸੂਹ ਲੈਣ ਵਿਚ ਪੁਲਿਸ ਦੀ ਭੂਮਿਕਾ ਨੂੰ ਉਤਸ਼ਾਹਤ ਕੀਤਾ ਸੀ। ਇਸ ਦਮਨਕਾਰੀ, ਗਾਲੀ-ਗਲੋਚ ਵਾਲਾ ਅਤੇ, ਕਈ ਵਾਰੀ ਤਾਂ, ਵਹਿਸ਼ੀ ਪੁਲਿਸ ਬਲ ਬਣਨ ਨੂੰ ਉਤਸ਼ਾਹਤ ਕਰਦਾ ਸੀ। ਇਸ ਤਰ੍ਹਾਂ, ਪੁਲਿਸ ਨੂੰ ਬਖੇੜਾ ਖੜਾ ਕਰਨ ਵਾਲੀ ਵਜੋਂ ਵੇਖਿਆ ਜਾਣ ਲਗਾ ਹੈ ਅਤੇ ਸਿਪਾਹੀ ਵੀ ਤੰਗ ਕਰਨ ਵਾਲਿਆਂ ਦਾ ਅਕਸ ਅਖਤਿਆਰ ਕਰ ਰਹੇ ਹਨ।

## ਪਹਿਲਕਦਮੀ ਅਡਹਾਕ (Adhoc) ਹੀ ਰਹੀ

ਇਹਨਾਂ ਪਹਿਲਕਦਮੀਆਂ ਦੇ ਇਰਾਦੇ ਤਾਂ ਬੜੇ ਨੇਕ ਸਨ, ਪਰ ਉਹ ਵਿਅਕਤੀ-ਵਿਸ਼ੇਸ਼-ਮੁਖੀ ਹੀ ਰਹੇ, ਜਿਵੇਂ ਕਿ ਇਹਨਾਂ ਨੂੰ ਆਮ ਤੌਰ ਤੇ ਕਿਰਨ ਬੇਦੀ ਰੋਗ ਕਿਹਾ ਜਾਂਦਾ ਹੈ। ਇਹਨਾਂ ਉਪਰਾਲਿਆਂ ਦੇ ਅਡਹਾਕ ਚਰਿੱਤਰ ਨੇ ਸੇਵਾ ਪੂਰਤੀ ਨੂੰ ਵਿਅਕਤੀਗਤ ਅਫਸਰ ਦੀ ਤਰਜੀਹ ਅਤੇ ਯੋਗਤਾ ਉਤੇ ਨਿਰਭਰ ਬਣਾ ਦਿਤਾ।

## ਸਮੱਸਿਆ-ਕੇਂਦਰਿਤ

ਸਾਰੇ ਦਖਲ ਸਮਸਿਆ-ਕੇਂਦਰਿਤ ਰਹੇ। ਕਈ ਪਹਿਲਕਦਮੀਆਂ, ਜਿਵੇਂ ਜ਼ਮੀਨ ਉਤੇ, ਬਾਜ਼ਾਰ ਵਿਚ ਨਜਾਇਜ਼ ਕਬਜ਼ੇ ਅਤੇ ਕਮਿਊਨਿਟੀ ਵਿਚ ਝਗੜੇ ਆਦਿ ਸੰਬੰਧੀ ਮਸਲਿਆਂ ਵਿਚ, ਲਈਆਂ ਗਈਆਂ ਅਤੇ ਇਹਨਾਂ ਦਖਲਾਂ ਨਾਲ ਹੱਲ ਕਰ ਲਿਆ ਗਿਆ ਪਰ ਫਿਰ ਵੀ ਇਹਨਾਂ ਉਤੇ ਧਿਆਨ ਅੱਡ ਘਟਨਾ ਵਜੋਂ ਹੀ ਰਿਹਾ। ਹਰ ਸਮਸਿਆ ਦੇ ਹੱਲ ਲਈ ਪਹਿਲਕਦਮੀਆਂ ਦਾ ਸਮੂਹ ਵੀ ਵੱਖਰਾ ਵੱਖਰਾ ਹੁੰਦਾ ਹੈ ਅਤੇ ਸਮਰਥਨ ਗਰੁੱਪ ਵੀ ਵੱਖਰਾ। ਦੂਜੇ ਸ਼ਬਦਾਂ ਵਿਚ ਕਹੀਏ ਤਾਂ ਹਰ ਖੜੇ ਹੁੰਦੇ ਮੁੱਦੇ ਲਈ ਨਵਾਂ ਪ੍ਰੋਗਰਾਮ ਬਣਾਇਆ ਜਾਂਦਾ ਹੈ ਅਤੇ ਇਸ ਦਾ ਇਲਾਕੇ ਵਿਚ ਉਠਦੇ ਇਹੋ ਜਿਹੇ ਹੀ ਦੂਜੇ ਮਸਲਿਆਂ ਨਾਲ ਕੋਈ ਸੰਬੰਧ ਨਹੀਂ ਹੁੰਦਾ।

## ਸਿਆਸੀ ਦਖਲ

ਵਿਅਕਤੀ-ਵਿਸ਼ੇਸ਼-ਮੁਖੀ ਅਤੇ ਅਡਹਾਕ ਪਹਿਲਕਦਮੀਆਂ ਕਮਿਊਨਿਟੀ ਦੀ ਜ਼ਿੰਮੇਵਾਰੀ ਅਤੇ ਮਾਲਕੀ ਨੂੰ ਸੀਮਤ ਕਰ ਦਿੰਦੀਆਂ ਹਨ। ਇਸ ਨਾਲ ਕਿਸੇ ਵੀ ਸਮਸਿਆ ਦੇ ਹੱਲ ਦੀ ਸਾਰੀ ਜ਼ਿੰਮੇਵਾਰੀ ਸੰਬੰਧਤ ਅਫਸਰ ਦੇ ਨਿਜੀ ਦਖਲ ਉਤੇ ਹੀ ਆ ਪੈਂਦੀ ਹੈ। ਵਿਅਕਤੀ ਕੇਂਦਰਿਤ ਪਹਿਲਕਦਮੀਆਂ ਸਿਆਸੀ ਦਖਲ-ਅੰਦਾਜ਼ੀ ਲਈ ਸੰਭਾਵਨਾ ਪੈਦਾ ਕਰਦੀਆਂ ਹਨ। ਪਰ ਸਮਾਜ ਵਿਚ ਕੰਮ ਕਰ ਰਹੇ ਸ਼ਕਤੀ ਢਾਂਚੇ ਦੀ ਇਤਿਹਾਸਕ ਪ੍ਰਸੰਗਕ ਸਮਝ ਦੀ ਘਾਟ ਦਾ ਨਤੀਜਾ ਉਹਨਾਂ ਅੰਸ਼ਾਂ ਨੂੰ ਮੌਕੇ ਪ੍ਰਦਾਨ ਕਰਨ ਵਿਚ ਨਿਕਲ ਸਕਦਾ ਹੈ ਜਿਹੜੇ 'ਵਧੇਰੇ ਬਰਾਬਰ' ਜਾਂ ਕੁਝ ਹੋਰ ਹਨ ਕਿ ਆਪਣੀਆਂ ਤਰਜੀਹਾਂ ਠੋਸ ਸਕਣ।

### ਕਮਿਊਨਿਟੀ-ਪੁਲਿਸ ਰਾਬਤੇ ਵਿਚ ਮੌਜੂਦਾ ਪੂਰਵ-ਝੁਕਾਵਾਂ ਦੀਆਂ ਰੁਕਾਵਟਾਂ

1) ਕਮਿਊਨਿਟੀ ਅਤੇ ਪੁਲਿਸ ਵਿਚ ਮਨੁੱਖੀ ਅਧਿਕਾਰਾਂ ਬਾਰੇ ਘਟ ਚੇਤਨਾ।
   ਸਮਾਜ ਦਾ ਬਹੁਤ ਹੀ ਛੋਟਾ ਹਿਸਾ ਮਨੁੱਖੀ ਅਧਿਕਾਰਾਂ ਦੇ ਸਵਾਲਾਂ ਬਾਰੇ ਜਾਣਕਾਰੀ ਰਖਦਾ ਸੀ; ਬਹੁਤਿਆਂ ਨੂੰ ਤਾਂ ਇਸ ਬਾਰੇ ਕੁਝ ਵੀ ਪਤਾ ਨਹੀਂ ਸੀ। ਅਤੇ ਜਿਥੇ ਇਸ ਬਾਰੇ ਕੋਈ ਜਾਗਰਤੀ ਹੈ ਵੀ ਸੀ, ਉਥੇ ਮਨੁੱਖੀ ਅਧਿਕਾਰਾਂ ਬਾਰੇ ਸੰਵੇਦਨਾ ਅਤੇ ਇਹਨਾਂ ਦੀ ਲੋੜ ਬਾਰੇ ਸਮਝ ਹੀ ਹੈ ਨਹੀਂ ਸੀ।
2) ਪੁਲਿਸ ਦਾ ਕੰਮਕਾਜ਼ ਦਾ ਤਰੀਕਾ ਲਾਜ਼ਮੀ ਧੱਕੇਸ਼ਾਹੀ ਵਾਲਾ ਸੀ ਅਤੇ ਵਡਾ ਹਿਸਾ ਤਾਂ ਲੋਟੂ ਤਰੀਕੇ ਹੀ ਅਪਣਾਉਂਦਾ ਸੀ।
   ਦੇਖਿਆ ਗਿਆ ਕਿ ਹੇਠਲੇ ਪੁਲਿਸ ਅਧਿਕਾਰੀ ਲੋਟੂ ਢੰਗ ਤਰੀਕੇ ਅਪਣਾਉਂਦੇ ਸਨ, ਜਦੋਂ ਕਿ ਦਰਮਿਆਨੇ ਅਫਸਰ ਧਕੇਸ਼ਾਹੀ (ਤਾਨਾਸ਼ਾਹੀ) ਕੰਮ ਢੰਗ ਉਤੇ ਹੀ ਨਿਰਭਰ ਕਰਦੇ ਸਨ।
3) ਕਮਿਊਨਿਟੀ ਦੀ ਸ਼ਮੂਲੀਅਤ ਸਿਰਫ ਮੁਖਬਰੀ ਅਤੇ ਸਹਿਯੋਗ ਦੇਣ ਤਕ ਸੀਮਤ ਹੈ।
   ਪੁਲਿਸ ਨੇ ਕਮਿਊਨਿਟੀ ਦੀ ਸਹਾਇਤਾ ਜ਼ਿਆਦਾਤਰ ਤਫਤੀਸ਼ ਵਾਸਤੇ ਹੀ ਹਾਸਲ ਕੀਤੀ। ਦਰ ਅਸਲ, ਲੋਕਾਂ ਦੀ ਭਾਗੀਦਾਰੀ ਦੇ ਸੰਕਲਪ ਨੂੰ ਇਸ ਗੱਲ ਤਕ ਸੀਮਤ ਕਰ ਦਿਤਾ ਗਿਆ ਕਿ ਉਹ ਰਜ਼ਾਮੰਦ ਗਵਾਹ ਅਤੇ ਵਧੀਆ ਮੁਖਬਰ ਬਣਨ (ਇਸ ਨੂੰ ਆਦਰਸ਼ ਸਹਾਇਤਾ ਕਿਹਾ ਗਿਆ)। ਕਮਿਊਨਿਟੀ ਨੇ ਵੀ ਤਫਤੀਸ਼ ਵਿਚ ਸਹਾਇਤਾ ਦੇਣ ਨੂੰ ਅਮਨ ਕਾਨੂੰਨ ਕਾਇਮ ਰਖਣ ਵਾਸਤੇ ਆਪਣੀ ਮੁਖ ਡਿਊਟੀ ਸਮਝਿਆ।

4) ਕਮਿਊਨਿਟੀ ਅਤੇ ਪੁਲਿਸ ਦਰਮਿਆਨ ਬੇਵਿਸ਼ਵਾਸੀ

ਪੁਲਿਸ ਵਲੋਂ ਸ਼ਿਕਾਇਤ ਸੀ ਕਿ ਕਮਿਊਨਿਟੀ ਮਿਲਵਰਤਣ ਨਹੀਂ ਦੇ ਰਹੀ, ਦਰ ਅਸਲ, ਪੁਲਿਸ ਦੇ ਕੰਮਕਾਜ਼ ਵਿਚ ਰੁਕਾਵਟਾਂ ਖੜੀਆਂ ਕਰ ਰਹੀ ਹੈ। ਕਮਿਊਨਿਟੀ ਪੁਲਿਸ ਪਰੇਸ਼ਾਨੀ ਦੇਣ ਅਤੇ ਸ਼ੋਸ਼ਨ ਕਰਨ ਦਾ ਸਾਧਨ ਵੀ ਸਮਝਦੀ ਹੈ।ਭਾਈਚਾਰੇ ਦਾ ਵਡਾ ਹਿਸਾ ਤਾਂ ਇਹ ਵੀ ਸਮਝਦਾ ਹੈ ਕਿ ਪੁਲਿਸ ਉਹਨਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਵਿਚ ਨਾਕਾਬਲ ਹੈ।

# ਭਾਗ-2

# ਕਮਿਊਨਿਟੀ ਪੁਲਿਸਿੰਗ: ਮੁਮਕਿਨ ਵਿਕਲਪ

ਜੁਰਮ ਇਕ ਗੁੰਝਲਦਾਰ ਸਮਾਜਿਕ ਵਰਤਾਰਾ ਹੁੰਦਾ ਹੈ, ਜਿਸ ਨੂੰ ਕੋਈ ਵੀ ਇਕੱਲੀ ਏਜੰਸੀ ਅਸਰਦਾਰ ਤਰੀਕੇ ਨਾਲ ਨਜਿੱਠ ਨਹੀਂ ਸਕਦੀ। ਜੁਰਮ ਉਤੇ ਕਾਬੂ ਪਾਉਣ ਦੀ ਜ਼ਿੰਮੇਵਾਰੀ ਇਕੱਲੀ ਪੁਲਿਸ ਦੀ ਨਹੀਂ ਸਗੋਂ ਸਮੁਚੇ ਭਾਈਚਾਰੇ ਦੀ ਹੁੰਦੀ ਹੈ। ਕਮਿਊਨਿਟੀ ਪੁਲਿਸਿੰਗ ਪੀੜਤ-ਮੁਖੀ ਸੇਵਾ ਪੂਰਤੀ ਦਾ ਫਲਸਫਾ ਹੈ ਜਿਸ ਦਾ ਉਦੇਸ਼ ਮਸਲੇ ਦੇ ਹੱਲ ਉਤੇ ਜ਼ੋਰ ਦੇ ਕੇ ਜਵਾਬਦੇਹੀ ਅਤੇ ਪ੍ਰਭਾਵਸ਼ੀਲਤਾ ਵਿਚ ਬਿਹਤਰੀ ਲਿਆਉਣਾ ਹੈ। ਕਮਿਊਨਿਟੀ ਪੁਲਿਸਿੰਗ ਭਾਈਚਾਰੇ ਵਿਚੋਂ ਸਰੋਤ ਲੱਭਦੀ ਹੈ ਤਾਂ ਜੋ ਜੁਰਮ ਉਤੇ ਕਾਬੂ ਪਾਉਣ ਲਈ ਕੀਤੇ ਜਾਂਦੇ ਯਤਨਾਂ ਵਿਚ ਲੋਕਾਂ ਦਾ ਵੀ ਹਿੱਸਾ ਹੋਵੇ। ਜੁਰਮ ਅਤੇ ਜੁਰਮ ਦੇ ਡਰ ਦੇ ਕਾਰਨਾਂ ਨਾਲ ਨਜਿੱਠਣ ਲਈ ਪੁਲਿਸ ਅਤੇ ਭਾਈਚਾਰੇ ਦੀ ਭਾਗੀਦਾਰੀ ਨੂੰ ਉਤਸ਼ਾਹਤ ਕਰਦੀ ਹੈ।

ਇਸ ਵਿਚ ਕੋਈ ਸ਼ਕ ਨਹੀਂ ਕਿ ਅਸਲ ਵਿਚ ਕਮਿਊਨਿਟੀ ਪੁਲਿਸਿੰਗ ਨੂੰ ਲਾਗੂ ਕਰਨਾ ਔਖਾ ਕੰਮ ਹੈ ਕਿਉਂਕਿ ਇਸ ਨੇ ਵੱਖ ਵੱਖ ਕਿਸਮ ਦੇ ਅਰਥ ਪ੍ਰਾਪਤ ਕਰ ਲਏ ਹਨ। ਇਸ ਨੇ ਵਡੀਆਂ ਆਸਾਂ ਵੀ ਪੈਦਾ ਕਰ ਦਿਤੀਆਂ ਹਨ, ਜਿਸ ਅਨੁਸਾਰ ਲਾਗੂ ਕਰਨਾ ਵੱਡੀ ਚੁਣੌਤੀ ਬਣ ਗਿਆ ਹੈ ਅਤੇ ਕਮਿਊਨਿਟੀ ਪੁਲਿਸਿੰਗ ਮਹਿਜ਼ ਇਕ ਨਾਹਰਾ ਬਣ ਕੇ ਰਹਿ ਗਈ ਹੈ। ਇਸ ਲਈ, ਹੱਥਲੀ ਕੋਸ਼ਿਸ਼ ਵਿਚ ਕਮਿਊਨਿਟੀ ਪੁਲਿਸਿੰਗ ਦੇ ਮਨੋਰਥ ਭਰਪੂਰ ਅਤੇ ਸੰਜੁਗਤ ਗੁਣਾਂ ਨੂੰ ਪਛਾਣਨ ਦਾ ਯਤਨ ਕੀਤਾ ਗਿਆ ਹੈ।

## ਕਮਿਊਨਿਟੀ ਪੁਲਿਸਿੰਗ ਦੀਆਂ ਵਿਸ਼ੇਸ਼ਤਾਈਆਂ

ਕਮਿਊਨਿਟੀ ਪੁਲਿਸਿੰਗ ਦੇ ਵੱਖ ਵੱਖ ਨਮੂਨਿਆਂ ਦੀ ਅਮਲੀ ਤੌਰ ਤੇ ਪੜਤਾਲ ਅਤੇ ਤਜਰਬੇ ਨੇ, ਖਾਸ ਕਰਕੇ ਸੰਤਾਪ ਮਗਰੋਂ ਦੀ ਪਰਸਥਿਤੀ ਵਿਚ, ਇਸ ਸਮਝ ਉਤੇ ਮੁੜ ਜ਼ੋਰ ਦਿਤਾ ਹੈ ਕਿ ਕਮਿਊਨਿਟੀ ਪੁਲਿਸਿੰਗ ਜਾਣਕਾਰੀ ਸਾਂਝੀ ਕਰਨ ਲਈ ਭਾਈਚਾਰੇ ਅਤੇ ਪੁਲਿਸ ਵਿਚਾਲੇ ਸੰਪਰਕਾਂ ਨੂੰ ਵਧਾਉਣ ਲਈ ਨਾ ਤਾਂ ਕੋਈ ਵਿਸ਼ੇਸ਼ ਪ੍ਰੋਗਰਾਮ ਹੈ ਅਤੇ ਨਾ ਹੀ ਸਕੀਮਾਂ ਦਾ ਸਮੂਹ; ਸਗੋਂ ਇਹ ਤਾਂ ਆਪਣੇ ਆਪ ਵਿਚ ਪੁਲਿਸਿੰਗ ਹੀ ਹੈ। ਦੂਜੇ ਸ਼ਬਦਾਂ ਵਿਚ ਕਹੀਏ ਤਾਂ, ਕਮਿਊਨਿਟੀ ਪੁਲਿਸਿੰਗ ਸਿਰਫ ਕਮਿਊਨਿਟੀ ਵਲੋਂ ਪੁਲਿਸ ਵਾਲਾ ਕੰਮ ਕਰਨਾ ਹੀ ਨਹੀਂ ਹੈ, ਜਿਵੇਂ ਕਿ ਇਕਹਿਰੀ ਖਿੜਕੀ ਸੇਵਾ, ਕਾਨੂੰਨ ਲਾਗੂ ਕਰਨਾ, ਅਪਰਾਧ ਦੀ ਸੂਹ ਲਾਉਣਾ, ਆਦਿ।

| ਕਾਰਜਸ਼ੀਲ ਕਮਿਊਨਿਟੀ ਪੁਲਿਸਿੰਗ ਅਤੇ ਤਜਵੀਜ਼ ਕੀਤੇ ਸਾਂਝ ਕੇਂਦਰ: ਇਕ ਝਲਕ | | |
|---|---|---|
| ੳ. ਉਦੇਸ਼ | • ਕੁਸ਼ਲ ਪੁਲਿਸਿੰਗ | • ਅਪਰਾਧ ਮੁਕਤ ਅਤੇ ਮਾਨਵੀ ਸਮਾਜ |
| ਅ. ਸਮਸਿਆ ਦੀ ਪਛਾਣ | • ਸੇਵਾ ਪੂਰਤੀ ਵਿਚ ਬਿਹਤਰੀ | • ਸੇਵਾ ਅਤੇ ਨਿਆਂ ਪੂਰਤੀ ਲਈ ਜਵਾਬਦੇਹ ਸਿਸਟਮ |
| ੲ. ਅਖਤਿਆਰ ਕੀਤੀ ਰਣਨੀਤੀ | • ਕਮਿਊਨਿਟੀ ਦੀ ਸਹਾਇਤਾ<br>• ਰਿਪੋਰਟ ਕੀਤੀਆਂ ਠੋਸ ਸਮਸਿਆਵਾਂ ਲਈ ਸਥਾਨਕ ਪਹਿਲਕਦਮੀ, ਜਿਵੇਂ ਸਮਾਜਿਕ ਪਹਿਰੇਦਾਰੀ ਆਦਿ | • ਜੁਰਮਾਂ ਦੀ ਰੋਕਥਾਮ ਅਤੇ ਨਿਆਂ ਪੂਰਤੀ ਲਈ ਭਾਈਚਾਰੇ ਦੇ ਨਾਲ ਮਿਲਕੇ ਪੁਲਿਸਿੰਗ |
| ਸ. ਕਾਰਜਸ਼ੀਲਤਾ | • ਸਕੀਮਾਂ — ਭਲਾਈ-ਮੁਖੀ ਸੀਓਪੀਐਸ, ਐਚਏਪੀਐਸ<br>• ਕਾਨੂੰਨੀ ਸਹਾਇਤਾ (ਨਿਰਦੋਸ਼ਤਾ ਸੁਧਾਰਨ ਲਈ) | • ਪੁਲਿਸ ਕਾਨੂੰਨ ਨੂੰ ਜਮਹੂਰੀ ਅਤੇ ਨਿਆਂ-ਮੁਖੀ ਬਣਾਉਣਾ<br>• ਕਾਨੂੰਨੀ ਤਬਦੀਲੀਆਂ<br>• ਕਮਿਊਨਿਟੀ ਪੁਲਿਸਿੰਗ ਪ੍ਰੋਗਰਾਮ ਨੂੰ ਸੰਸਥਾਈ ਰੂਪ ਦੇਣਾ |
| ਹ. ਨਤੀਜੇ | • ਅਡਹਾਕ ਸੱਤਾਵਾਦੀ<br>• ਪੁਲਿਸਿੰਗ ਕੰਟਰੋਲ-ਮੁਖੀ ਹੈ<br>• ਕਮਿਊਨਿਟੀ ਤਾਂ ਕੇਵਲ ਸਹਿਯੋਗੀ ਹੁੰਦੀ ਹੈ | • ਲੋਕਾਂ ਦੇ ਅਧਿਕਾਰਾਂ ਅਤੇ ਆਜ਼ਾਦੀ ਨੂੰ ਉਤਸ਼ਾਹੁਣਾ |

ਕਮਿਊਨਿਟੀ ਪੁਲਿਸਿੰਗ ਦਾ ਚੁਰੇੜਾ ਰੂਪ — ਕਮਿਊਨਿਟੀ ਦੇ ਲਈ ਅਤੇ ਇਸ ਦੇ ਹੀ ਰਾਹੀਂ ਪੁਲਿਸਿੰਗ — ਵੀ ਪੁਲਿਸ ਅਤੇ ਭਾਈਚਾਰੇ ਵਿਚਲੀ ਦੂਰੀ ਨੂੰ ਮਿਟਾਉਂਦਾ ਨਹੀਂ। ਕਮਿਊਨਿਟੀ ਦੇ ਰਾਹੀਂ ਪੁਲਿਸਿੰਗ ਜੇ ਹੋਵੇ ਤਾਂ ਕੋਮਲ ਪੁਲਿਸਿੰਗ ਜਿਵੇਂ ਟਰੈਫਿਕ ਪ੍ਰਬੰਧਨ, ਸਮਾਜਿਕ ਪਹਿਰੇਦਾਰੀ, ਆਦਿ ਵਿਚ ਭਾਈਚਾਰੇ ਦੇ ਮੈਂਬਰ ਸਹਿਯੋਗੀਆਂ ਵਜੋਂ ਸ਼ਿਰਕਤ ਕਰ ਸਕਣ। ਕਮਿਊਨਿਟੀ ਪੁਲਿਸਿੰਗ ਦੀ ਇਸ ਕਿਸਮ ਦੀ ਸਮਝ ਜਾਂ ਤਾਂ ਘਟਾਉਵਾਦੀ ਹੁੰਦੀ ਹੈ ਜਾਂ ਵੱਧ ਤੋਂ ਵੱਧ ਇਹ ਲੋਕ ਸੰਪਰਕ ਦੀ ਕਾਰਵਾਈ ਬਣ ਕੇ ਰਹਿ ਜਾਂਦੀ ਹੈ। ਦੂਜੇ ਸ਼ਬਦਾਂ ਵਿਚ ਆਖੀਏ ਤਾਂ ਕਮਿਊਨਿਟੀ ਪੁਲਿਸਿੰਗ ਨਾ ਕੇਵਲ ਕਮਿਊਨਿਟੀ ਵਾਸਤੇ ਪੁਲਿਸਿੰਗ ਹੁੰਦੀ ਹੈ ਸਗੋਂ ਕਮਿਊਨਿਟੀ ਦੇ ਨਾਲ ਨਾਲ ਪੁਲਿਸਿੰਗ ਹੁੰਦੀ ਹੈ।

## ਕਮਿਊਨਿਟੀ ਦੇ ਸਹਿਯੋਗ ਨਾਲ ਪੁਲਿਸਿੰਗ ਕਰਨ ਦੀਆਂ ਮੁੱਖ ਖੂਬੀਆਂ:

(ੳ) ਇਸ ਨਾਲ ਭਾਈਚਾਰੇ ਅਤੇ ਪੁਲਿਸ ਦੋਹਾਂ ਨੂੰ ਇਕੱਠਿਆਂ ਜੁਰਮਾਂ ਦੀ ਰੋਕਥਾਮ ਲਈ, ਸੁਰਖਿਅਤ ਆਲਾ-ਦੁਆਲਾ ਅਤੇ ਨਿਆਂ ਦੀ ਕੁਸ਼ਲ ਪੂਰਤੀ ਉਸਾਰਨ ਲਈ ਚੋਖੀ ਸ਼ਕਤੀ ਮਿਲਦੀ ਹੈ।

(ਅ) ਇਸ ਅੰਦਰ ਹੀ ਕਮਿਊਨਿਟੀ ਅਤੇ ਪੁਲਿਸ ਦਰਮਿਆਨ ਤਾਲਮੇਲ ਦਾ ਸਵੈ-ਸਿਰਜਤ ਮੈਕਾਨਿਜ਼ਮ (mechanism) ਹੁੰਦਾ ਹੈ।

(ੲ) ਇਸ ਨੇ ਪੁਲਿਸ ਅਤੇ ਕਮਿਊਨਿਟੀ ਦੋਹਾਂ ਲਈ ਨੁਮਾਇੰਦਗੀ, ਭਾਗੀਦਾਰੀ ਅਤੇ ਫੈਸਲਾ ਲੈਣ ਦੇ ਅਰਥਾਂ ਵਿਚ ਮੁਖ ਧਾਰਾ ਦੀ ਵਿਭਿੰਨਤਾ ਦਾ ਸੰਸਥਾਗਤ ਸਿਸਟਮ (system) ਵਿਕਸਤ ਕਰ ਲਿਆ ਹੈ।

(ਸ) ਵਲੰਟਰੀ (voluntary) ਉਪਰਾਲੇ ਦੀ ਥਾਂ ਇਹ ਵਿਧੀਆਂ ਅਤੇ ਪ੍ਰੋਟੋਕੋਲਾਂ ਰਾਹੀਂ ਬਣਾਇਆ ਗਿਆ ਪੇਸ਼ਾਵਰ ਅਤੇ ਮਿਲਵਰਤਣੀ ਉਦਮ ਹੁੰਦਾ ਹੈ।

(ਹ) ਕਮਿਊਨਿਟੀ ਪੁਲਿਸਿੰਗ ਨੂੰ ਜਿਵੇਂ ਪੁਲਿਸ ਦਾ ਕੰਮ ਹੁੰਦਾ ਹੈ ਉਵੇਂ ਹੀ ਪੁਲਿਸਿੰਗ ਦੇ ਕੰਮ ਦਾ ਅਖੰਡ ਹਿੱਸਾ ਸਮਝਣਾ ਚਾਹੀਦਾ ਹੈ। ਇਸ ਦਾ ਮਤਲਬ ਇਹ ਹੈ ਕਿ ਇਸ ਕੰਮ ਵਾਸਤੇ ਵੱਖਰੇ ਕਮਿਊਨਿਟੀ ਦੇ ਪੁਲਿਸ ਅਫਸਰ ਜਾ ਕਾਰਜਕਰਤਾ ਨਹੀਂ ਹੋਣਗੇ। ਹਰ ਸਿਪਾਹੀ ਨੂੰ ਕਮਿਊਨਿਟੀ ਪੁਲਿਸਿੰਗ ਦੇ ਦ੍ਰਿਸ਼ਟੀਕੋਣ ਨਾਲ ਸੰਵੇਦਨਸ਼ੀਲ ਬਣਾਇਆ ਜਾਵੇਗਾ, ਕਮਿਊਨਿਟੀ ਪੁਲਿਸਿੰਗ ਦੀਆਂ ਕੁਸ਼ਲਤਾਵਾਂ ਨਾਲ ਲੈਸ ਕੀਤਾ ਜਾਵੇਗਾ ਅਤੇ ਉਸ ਦੀ ਨਿਯੁਕਤੀ ਦੇ ਅਨੁਸਾਰ ਕਮਿਊਨਿਟੀ ਪੁਲਿਸਿੰਗ ਦੇ ਕਾਰਜ ਸੌਂਪੇ ਜਾਣਗੇ।

ਕਮਿਊਨਿਟੀ ਪੁਲਿਸਿੰਗ ਨੇ ਕੁਸ਼ਲ, ਬਰਾਬਰੀ ਦੇ ਅਤੇ ਕਾਰਗਰ ਤਰੀਕੇ ਨਾਲ ਸੇਵਾ ਪੂਰਤੀ (ਸਰਵਿਸ ਡਲਿਵਰੀ) ਲਈ ਪੁਲਿਸ ਅਤੇ ਕਮਿਊਨਿਟੀ (ਲੋਕਾਂ) ਦੇ ਦਰਮਿਆਨ ਸੰਪਰਕ ਮੁੜ-ਸਥਾਪਿਤ ਕਰਨਾ ਹੈ।

### ਕਮਿਊਨਿਟੀ ਪੁਲਿਸਿੰਗ ਕੀ ਨਹੀਂ ਹੈ?

- ਕਮਿਊਨਿਟੀ ਪੁਲਿਸਿੰਗ ਸਿਰਫ ਇਕਹਿਰੀ ਖਿੜਕੀ (ਸਿੰਗਲ ਵਿੰਡੋ) ਸੇਵਾ ਨਹੀਂ ਹੈ। ਦੂਜੇ ਸ਼ਬਦਾਂ ਵਿਚ ਕਹੀਏ ਤਾਂ ਇਹ ਲੋਕਾਂ ਲਈ ਪੁਲਿਸਿੰਗ ਨਹੀਂ ਹੈ।
- ਇਸ ਦਾ ਮਤਲਬ ਇਹ ਵੀ ਨਹੀਂ ਕਿ ਲੋਕਾਂ ਨੂੰ ਕਮਿਊਨਿਟੀ ਪੱਧਰ ਉਤੇ ਪੁਲਿਸ ਦੇ ਇਕ ਵਾਧੂ ਬਲ ਵਜੋਂ ਵਰਤਿਆ ਜਾਵੇ, ਮਿਸਾਲ ਲਈ, ਆਵਾਜਾਈ ਦਾ ਪ੍ਰਬੰਧ ਕਰਨ ਲਈ ਜਾਂ ਮੁਖਬਰ ਵਜੋਂ ਕੰਮ ਕਰਨ ਲਈ।

- ਕਮਿਊਨਿਟੀ ਪੁਲਿਸਿੰਗ ਕੋਈ ਪ੍ਰੋਜੈਕਟ ਵੀ ਨਹੀਂ ਅਤੇ ਨਾ ਹੀ ਸਮਸਿਆ ਹੱਲ ਕਰਨ ਦੀ ਕੋਈ ਤਕਨੀਕ।
- ਕਮਿਊਨਿਟੀ ਪੁਲਿਸਿੰਗ ਨਾ ਤਾਂ ਬਾਕਾਇਦਾ ਪੁਲਿਸ ਉਤੇ ਕੋਈ ਨਿਗਰਾਨੀ ਹੈ ਅਤੇ ਨਾ ਹੀ ਉਸ ਨਾਲੋਂ ਕੋਈ ਵੱਖਰੀ ਚੀਜ਼ ਅਤੇ ਨਾ ਹੀ ਇਹ ਮੌਜੂਦਾ ਪੁਲਿਸ ਦੀ ਕੋਈ ਸਮਰਥਨਕਾਰੀ ਮਸ਼ੀਨਰੀ ਹੈ।
- ਕਮਿਊਨਿਟੀ ਪੁਲਿਸਿੰਗ ਭਾਈਚਾਰੇ ਦੇ ਲੋਕਾਂ ਨੂੰ ਵਲੰਟੀਅਰ ਵਜੋਂ ਭਰਤੀ ਹੋਣ ਦੀ ਕੋਈ ਨਾਮਜ਼ਦਗੀ ਰਣਨੀਤੀ ਵੀ ਨਹੀਂ ਹੈ।
- ਕਮਿਊਨਿਟੀ ਪੁਲਿਸਿੰਗ ਸਕੀਮਾਂ ਦੀ ਕੋਈ ਅਡਹਾਕ (ਖਾਸ ਮਤਲਬ ਲਈ) ਟੋਕਰੀ ਵੀ ਨਹੀਂ ਹੈ। ਅਡਹਾਕ ਟੋਕਰੀ ਤਾਂ ਵਿਅਕਤੀਗਤ ਪੱਖਪਾਤ ਅਤੇ ਉਹਨਾਂ ਦੀਆਂ ਸੀਮਾਵਾਂ ਨੂੰ ਪ੍ਰਗਟ ਕਰਦੀ ਹੈ।

## ਕਮਿਊਨਿਟੀ ਪੁਲਿਸਿੰਗ ਹੈ ਕੀ?

- ਕਮਿਊਨਿਟੀ ਪੁਲਿਸਿੰਗ ਆਮ ਪੁਲਿਸਿੰਗ ਦਾ ਅਖੰਡ ਹਿੱਸਾ ਹੈ।
- ਕਮਿਊਨਿਟੀ ਪੁਲਿਸਿੰਗ ਸੰਸਥਾਕ੍ਰਿਤ ਸੰਜੁਗਤ ਪਹੁੰਚ ਹੈ ਜੋ ਲਿੰਗ, ਜਾਤ, ਸ਼੍ਰੇਣੀ ਅਤੇ ਧਰਮਾਂ ਦੀ ਵਿਭਿੰਨਤਾ ਦਾ ਹੁੰਗਾਰਾ ਭਰਦੀ ਹੈ।
- ਕਮਿਊਨਿਟੀ ਪੁਲਿਸਿੰਗ ਪੁਲਿਸ, ਭਾਈਚਾਰੇ ਦੇ ਲੋਕਾਂ ਅਤੇ ਦੂਜੇ ਸਹਿਭਾਗੀਆਂ (ਸਟੇਕਹੋਲਡਰਾਂ) ਦਰਮਿਆਨ ਭਾਗੀਦਾਰੀ ਹੈ ਜੋ ਜੁਰਮਾਂ ਦੀ ਰੋਕਥਾਮ, ਬਚਾਉ ਅਤੇ ਨਿਆਂ ਦੀ ਪੂਰਤੀ ਲਈ ਸਿਰਜੀ ਗਈ ਹੈ।
- ਭਾਗੀਦਾਰੀ ਦਾਅਪੇਚਾਂ ਦੀ ਰਣਨੀਤੀ ਵੀ ਨਹੀਂ ਹੈ, ਸਗੋਂ ਇਹ ਤਾਂ ਪੁਲਿਸਿੰਗ ਪ੍ਰਤੀ ਇਕ ਪਹੁੰਚ ਹੈ। ਦੂਜੇ ਸ਼ਬਦਾਂ ਵਿਚ, ਕਮਿਊਨਿਟੀ ਪੁਲਿਸਿੰਗ ਦਾ ਮਤਲਬ ਕਮਿਊਨਿਟੀ ਦੇ ਨਾਲ ਮਿਲਕੇ ਪੁਲਿਸਿੰਗ ਦਾ ਕੰਮ ਕਰਨਾ ਹੈ। ਇਹ ਕਮਿਊਨਿਟੀ ਅਤੇ ਪੁਲਿਸ ਦੇ ਵਿਚਾਲੇ ਮਿਲਵਰਤਣਕਾਰੀ ਪ੍ਰਸਪਰ ਸੰਪਰਕ ਆਧਾਰਤ ਰਿਸ਼ਤਾ ਹੈ।
- ਕਮਿਊਨਿਟੀ ਪੁਲਿਸਿੰਗ ਨਾਲ ਕਮਿਊਨਿਟੀ ਅਤੇ ਪੁਲਿਸ ਦੋਹਾਂ ਨੂੰ ਅਪਰਾਧਾਂ ਦੀ ਰੋਕਥਾਮ ਅਤੇ ਨਿਆਂ ਦੀ ਪੂਰਤੀ ਲਈ ਸ਼ਕਤੀ ਮਿਲਦੀ ਹੈ।

## ਪੰਜਾਬ ਵਿਚ ਕਮਿਊਨਿਟੀ ਪੁਲਿਸਿੰਗ ਦੀ ਜ਼ਰੂਰਤ ਕਿਉਂ ਹੈ?

- ਦਹਿਸ਼ਤਗਰਦੀ ਦੇ ਵਿਰੁਧ ਲੜਾਈ ਵਿਚ ਕਮਿਊਨਿਟੀ ਬੇਗਾਨੀ ਹੋ ਗਈ ਸੀ।
- ਅਡਹਾਕ, ਵਿਅਕਤੀਗਤ ਪਹਿਲਕਦਮੀਆਂ ਨੂੰ ਕਾਇਮ ਰਖਣ ਦੀ ਲੋੜ।

- ਲੋਕਾਂ ਨੂੰ ਸਿਆਣਪ ਦੇ ਸਭ ਤੋਂ ਵਡੇ ਭੰਡਾਰ ਵਜੋਂ ਮਾਨਤਾ ਦਿਤੀ ਜਾਵੇ।
- ਜੁਰਮਾਂ ਦੇ ਰੁਝਾਣਾਂ ਵਿਚ ਆ ਰਹੀਆਂ ਪੇਚੀਦਗੀਆਂ ਅਤੇ ਤਬਦੀਲੀਆਂ ਸੀਮਤ ਸਰੋਤਾਂ ਨਾਲੋਂ ਤੇਜ਼ ਚਲਦੀਆਂ ਹਨ।
- ਪੁਲਿਸ ਦੀਆਂ ਤਰਜੀਹਾਂ ਨੂੰ ਲੋਕਾਂ ਦੀਆਂ ਮਹਿਸੂਸ ਕੀਤੀਆਂ ਜਾਂਦੀਆਂ ਲੋੜਾਂ ਨਾਲ ਵਧੇਰੇ ਇਕਸੁਰ ਕੀਤਾ ਜਾਵੇ।
- ਪੁਲਿਸ ਦਾ ਅਕਸ ਸੁਧਾਰਨਾ।

## ਕੀ ਕਰਨਾ ਚਾਹੀਦਾ ਹੈ?

- ਅਡਹਾਕ ਪਹਿਲਕਦਮੀਆਂ ਦੀ ਥਾਂ ਉਤੇ ਕਮਿਊਨਿਟੀ ਪੁਲਿਸਿੰਗ ਨੂੰ ਸੰਸਥਾਈ ਰੂਪ ਦੇਣਾ।
- ਪੁਲਿਸ ਦੇ ਕੰਮ ਵਿਚ ਕਮਿਊਨਿਟੀ ਦੀ ਸ਼ਿਰਕਤ ਚੰਗੇਰੀ ਬਣਾਉਣਾ।
- ਨਵੇਂ ਵਿਚਾਰਾਂ, ਸਿਰਜਣਾਤਮਿਕਤਾ ਅਤੇ ਖਤਰੇ ਉਠਾਕੇ ਅਗੇ ਵਧਣ ਨੂੰ ਉਤਸ਼ਾਹਤ ਕਰਦਿਆਂ ਮੂਹਰਲੀਆਂ ਸਫਾਂ ਵਿਚ ਕਾਰਜਸ਼ੀਲ ਮੁਲਾਜ਼ਮਾਂ ਨੂੰ ਵਧੇਰੇ ਸ਼ਕਤੀਆਂ ਦੇਣਾ ਅਤੇ ਫੈਸਲੇ ਲੈਣ ਨੂੰ ਵਿਕੇਂਦਰਿਤ ਕਰਨਾ।
- ਸਮਸਿਆਵਾਂ ਹੱਲ ਕਰਨਾ, ਜੁਰਮਾਂ ਦੀ ਰੋਕਥਾਮ ਅਤੇ ਅਮਨ ਕਾਇਮ ਰਖਣ ਉਤੇ ਧਿਆਨ ਕੇਂਦਰਿਤ ਕਰਨਾ।
- ਪੁਲਿਸ ਅਤੇ ਲੋਕਾਂ ਵਿਚਾਲੇ ਰਿਸ਼ਤਿਆਂ ਨੂੰ ਬਿਹਤਰ ਬਣਾਉਣਾ।

# ਭਾਗ-3

# ਕਮਿਊਨਿਟੀ ਪੁਲਿਸਿੰਗ ਨੂੰ ਸੰਸਥਾਈ ਰੂਪ ਦੇਣਾ

ਪੰਜਾਬ ਵਿਚ ਕਮਿਊਨਿਟੀ ਪੁਲਿਸਿੰਗ ਦੇ ਉਪਰਾਲੇ ਜ਼ਿਆਦਾਤਰ ਵਿਅਕਤੀਗਤ ਅਫਸਰਾਂ ਦੀਆਂ ਪਹਿਲਕਦਮੀਆਂ ਦਾ ਹੀ ਨਤੀਜਾ ਰਹੇ ਹਨ। ਇਹ ਮੋਢੀ ਯਤਨ ਇਕਸਾਰ ਨਹੀਂ ਸਨ ਅਤੇ ਇਹਨਾਂ ਨੂੰ ਲੰਮਾ ਸਮਾਂ ਬਰਕਰਾਰ ਨਹੀਂ ਰਖਿਆ ਜਾ ਸਕਿਆ। ਇਸ ਦਾ ਕਾਰਨ ਸੀ ਉਪਰਲੀ ਕਮਾਨ ਵਲੋਂ ਲੋੜੀਂਦੇ ਸਮਰਥਨ ਦੀ ਘਾਟ, ਫੰਡ ਨਾਕਾਫੀ ਹੋਣਾ ਅਤੇ ਸੰਸਥਾਈ ਢਾਂਚੇ ਦੀ ਅਣਹੋਂਦ। ਲੋਕਾਂ ਦੀਆਂ ਵਧ ਰਹੀਆਂ ਆਸਾਂ ਉਸ ਤਰੀਕੇ ਨੂੰ ਵਡੀ ਚੁਣੌਤੀ ਪੇਸ਼ ਕਰਦੀਆਂ ਹਨ ਜਿਸ ਤਰੀਕੇ ਨਾਲ ਲੋਕ ਸੇਵਾਵਾਂ ਰਵਾਇਤੀ ਤੌਰ ਤੇ ਦਿਤੀਆਂ ਜਾਂਦੀਆਂ ਹਨ। ਪੁਲਿਸ ਸੇਵਾਵਾਂ ਮੁਹੱਈਆ ਕੀਤੇ ਜਾਣ ਵਿਚ ਬਿਹਤਰੀ ਪੁਲਿਸ ਪ੍ਰਸ਼ਾਸਨ ਨੂੰ ਲੋਕ-ਦੋਸਤਾਨਾ ਅਤੇ ਸੰਵੇਦਨਸ਼ੀਲ ਬਣਨ ਵਿਚ ਸਹਾਈ ਹੋ ਸਕਦੀ ਹੈ, ਅਤੇ ਇਸ ਤਰ੍ਹਾਂ ਹਰ ਉਸ ਵਿਅਕਤੀ ਦੀ ਤਸੱਲੀ ਕਰਵਾ ਸਕਦੀ ਹੈ, ਜਿਹੜਾ ਪੁਲਿਸ ਕੋਲ ਜਾਂਦਾ ਹੈ — ਚਾਹੇ ਸਹਾਇਤਾ ਲਈ ਜਾਂ ਸੂਚਨਾ ਲਈ ।

ਪੰਜਾਬ ਵਿਚ ਸੁਚੱਜਾ ਸ਼ਾਸਨ ਅਤੇ ਪਬਲਿਕ ਦੇ ਅਧਿਕਾਰ ਚਿੱਤਵਦੇ ਹਨ ਕਿ ਕਮਿਊਨਿਟੀ ਪੁਲਿਸਿੰਗ ਨੂੰ ਯਕੀਨੀ

### 'ਸਾਂਝ ਕੇਂਦਰ' ਕੀ ਹੁੰਦਾ ਹੈ

- ਸਾਂਝ ਕੇਂਦਰ ਖੁਦ-ਮੁਖਤਿਆਰ ਰਜਿਸਟ੍ਰਡ ਸਭਾਵਾਂ ਹੁੰਦੇ ਹਨ ਜਿਹਨਾਂ ਦਾ ਪ੍ਰਬੰਧ ਸਾਂਝੇ ਤੌਰ ਤੇ ਕਮਿਊਨਿਟੀ ਅਤੇ ਪੁਲਿਸ ਦੇ ਮੁਲਾਜ਼ਮ ਕਰਦੇ ਹਨ। ਇਹ ਕੇਂਦਰ ਨਾਗਰਿਕਾਂ ਨੂੰ ਪੁਲਿਸ ਨਾਲ ਸੰਬੰਧਤ ਸੇਵਾਵਾਂ ਵਿਚ ਬਾ-ਵਕਾਰ ਪਹੁੰਚ ਅਤੇ ਭਾਈਚਾਰਾ-ਮੁੱਖੀ ਪ੍ਰੋਗਰਾਮਾਂ ਨੂੰ ਮੰਚ ਮੁਹੱਈਆ ਕਰਦਾ ਹੈ।
- ਇਹ ਜੁਰਮਾਂ ਦੀ ਰੋਕਥਾਮ, ਸ਼ਿਕਾਇਤ ਨਿਵਾਰਨ, ਪੀੜਤ ਦੀ ਸਹਾਇਤਾ ਅਤੇ ਕਾਨੂੰਨ, ਨਿਯਮ ਅਤੇ ਵਿਧੀਆਂ, ਨਾਗਰਿਕ ਅਧਿਕਾਰਾਂ ਅਤੇ ਡਿਊਟੀਆਂ ਬਾਰੇ ਪੁਲਿਸ-ਕਮਿਊਨਿਟੀ ਭਾਗੀਦਾਰੀ ਲਈ ਮੈਦਾਨ ਮੁਹੱਈਆ ਕਰਦਾ ਹੈ।
- ਇਹ ਕਮਿਊਨਿਟੀ ਪੁਲਿਸਿੰਗ ਨੂੰ ਮੌਜੂਦਾ ਪੁਲਿਸ ਸਿਸਟਮ ਨਾਲ ਸੁਮੇਲਣ ਦਾ ਸੰਸਥਾਕਰਣ ਉਪਰਾਲਾ ਹੈ।
- ਇਸ ਕੋਲ ਸਿਵਲ, ਨਿਆਇਕ ਅਤੇ ਗੈਰ-ਸਰਕਾਰੀ ਸੰਗਠਨਾਂ ਨਾਲ ਤਾਲਮੇਲ ਦਾ ਅੰਤਰੀਵ-ਨਿਰਮਿਤ (ਬਿਲਟ-ਇਨ) ਮੈਕਾਨਿਜ਼ਮ ਹੈ।
- ਇਹ ਭਾਈਚਾਰੇ ਨਾਲ ਭਾਗੀਦਾਰੀ ਵਿਚ ਪੁਲਿਸਿੰਗ ਦਾ ਛੇ-ਪਰਤੀ (ਸਿਕਸ-ਟਾਇਰ) ਸਿਸਟਮ ਹੈ ਜਿਸ ਨੂੰ ਸਿਵਲ ਸਮਾਜ, ਵਿਸ਼ੇਸ਼ੱਗਾਂ, ਐਨਜੀਓ ਸੰਗਠਨਾਂ, ਪੁਲਿਸ ਕਾਰਜਕਰਤਾਵਾਂ ਅਤੇ ਸਿਵਲ ਪ੍ਰਸ਼ਾਸਨ ਦੇ ਨੁਮਾਇੰਦਿਆਂ ਉਤੇ ਆਧਾਰਤ ਕਮੇਟੀਆਂ ਰਾਹੀਂ ਚਲਾਇਆ ਜਾਂਦਾ ਹੈ।

ਬਣਾਉਣ ਲਈ ਕਮਿਊਨਿਟੀ ਅਤੇ ਪੁਲਿਸ ਕਾਰਜਕਰਤਾਵਾਂ ਦੇ ਵਿਚਾਲੇ ਭਾਗੀਦਾਰੀ ਹੋਵੇ। ਕਮਿਊਨਿਟੀ ਪੁਲਿਸਿੰਗ ਦੇ ਭਵਿੱਖ ਨਕਸ਼ੇ ਨੂੰ ਅਜੇ ਵੀ ਦੋਹਾਂ ਹੀ ਧਿਰਾਂ ਵਲੋਂ ਪੂਰੇ ਤੌਰ ਤੇ ਜਜ਼ਬ ਕੀਤੇ ਜਾਣਾ ਬਾਕੀ ਰਹਿੰਦਾ ਹੈ। ਇਹਨਾਂ ਸਰਗਰਮੀਆਂ ਨੂੰ ਸੰਸਥਾਈ ਰੂਪ ਦਿਤੇ ਜਾਣ ਦੀ ਘਾਟ ਇਸ ਨੂੰ ਅਡਹਾਕ (Adhoc) ਪ੍ਰਬੰਧਨ ਵੱਲ ਲੈ ਜਾਂਦੀ ਹੈ। ਇਸ ਨਾਲੋਂ ਵੀ ਵਧੇਰੇ ਮਹੱਤਵਪੂਰਨ ਗੱਲ ਇਹ ਹੈ ਕਿ ਪੁਲਿਸ ਅਮਲੇ ਦੀ ਸਿਖਲਾਈ ਸਮਾਜਿਕ ਅਤੇ ਪੇਸ਼ਾਵਰ ਮਾਹੌਲ ਵਿਚ ਕਰਨੀ ਹੋਵੇਗੀ ਜਿਥੇ ਇਸ ਨੂੰ ਲਾਗੂ ਕੀਤਾ ਜਾ ਸਕੇਗਾ। ਹੋ ਸਕਦਾ ਹੈ ਕਿ ਕੋਈ ਸਿਪਾਹੀ ਲਿੰਗ ਆਧਾਰਤ ਮਸਲਿਆਂ ਪ੍ਰਤੀ ਸੰਵੇਦਨਸ਼ੀਲ ਹੋਵੇ, ਪਰ ਅਜੋਕੇ ਪੁਲਿਸ ਢਾਂਚੇ ਵਿਚ ਉਹ ਬਲਾਤਕਾਰ ਪੀੜਤ ਨੂੰ ਮਨੋਵਿਗਿਆਨਕ ਇਲਾਜ ਦੇਣ ਦੇ ਨਾਕਾਬਲ ਹੀ ਹੋਵੇਗਾ। ਅਡਹਾਕ ਸਹਾਇਤਾ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ, ਪਰ ਲਗਾਤਾਰ ਅਤੇ ਪੇਸ਼ਾਵਰ ਇਨਪੁਟ ਲਈ ਲੋੜੀਂਦੀਆਂ ਸੇਵਾਵਾਂ ਦਾ ਸੰਸਥਾਈ ਰੂਪ ਵਿੱਚ ਉਪਲੱਬਧ ਹੋਣਾ ਜ਼ਰੂਰੀ ਹੈ। ਇਸ ਵਿਚ ਸ਼ਾਮਲ ਹੈ ਪੁਲਿਸ ਬਲ ਦੀ ਯੋਗਤਾ ਉਸਾਰੀ ਅਤੇ ਪਦਾਰਥਕ ਸੋਮਿਆਂ ਅਤੇ ਮਨੁੱਖੀ ਯੋਗਤਾਵਾਂ ਦੋਹਾਂ ਦੇ ਅਰਥਾਂ ਵਿਚ ਸਮਰਥਨ ਢਾਂਚਿਆਂ ਦੀ ਉਸਾਰੀ। ਇਹ ਯਕੀਨੀ ਬਣਾਉਣ ਲਈ ਕਿ ਇਸ ਪ੍ਰੋਜੈਕਟ ਨੂੰ ਅਡਹਾਕ ਪਹਿਕਦਮੀਆਂ ਅਤੇ ਰਿਸ਼ਵਤਖੋਰੀ ਅਪਾਹਜ ਨਾ ਬਣਾ ਦੇਣ , ਯਤਨ ਕੀਤੇ ਗਏ ਕਿ ਕਮਿਊਨਿਟੀ ਪੁਲਿਸ ਪ੍ਰੋਗਰਾਮ — ਸਾਂਝ — ਦੇ ਤਹਿਤ ਕਮਿਊਨਿਟੀ ਪੁਲਿਸਿੰਗ ਸਰਗਰਮੀਆਂ ਨੂੰ ਸੰਸਥਾਈ ਰੂਪ ਦੇ ਦਿਤਾ ਜਾਵੇ।

## ਕਮਿਊਨਿਟੀ ਪੁਲਿਸਿੰਗ ਪ੍ਰੋਗਰਾਮ (ਸਾਂਝ) ਕੀ ਚੀਜ਼ ਹੈ?

ਸਾਂਝ ਛੇ-ਪਰਤੀ ਅਦਾਰਾ ਹੈ ਜਿਸ ਦੇ ਸਿਖਰ ਉਤੇ ਕਮਿਊਨਿਟੀ ਅਫੇਅਰਜ਼ ਡਿਵੀਜ਼ਨ (ਸੀ.ਏ.ਡੀ.— ਕੈਡ (CAD) ਅਤੇ ਰਾਜ ਪੱਧਰੀ ਕਮੇਟੀ ਹੁੰਦੀ ਹੈ ਜੋ ਨੀਤੀ ਨਿਰਦੇਸ਼ ਦਿੰਦੀ ਹੈ ਅਤੇ ਯੋਗਤਾ ਉਸਾਰੀ ਨੂੰ ਸਮਰਥਨ ਦਿੰਦੀ ਹੈ ਅਤੇ ਯੋਜਨਾਬੰਦੀ, ਪ੍ਰਬੰਧਨ, ਭਾਗੀਦਾਰੀ ਅਤੇ ਸੰਜੁਗਤਨ ਮਸ਼ੀਨਰੀ ਦੀਆਂ ਪਰਣਾਲੀਆਂ ਨੂੰ ਮਜ਼ਬੂਤ ਕਰਦੀ ਹੈ। ਜ਼ਿਲਾ ਪੱਧਰ ਉਤੇ ਜ਼ਿਲਾ ਸਾਂਝ ਕੇਂਦਰ (ਸੀ.ਪੀ.ਆਰ.ਸੀ.) ਅਤੇ ਜ਼ਿਲਾ ਸਾਂਝ ਕਮੇਟੀਆਂ ਅਤੇ ਸਲਾਹਕਾਰ ਬੋਰਡ ਹੁੰਦੇ ਹਨ ਜੋ ਜ਼ਿਲਾ ਸਾਂਝ ਕੇਂਦਰਾਂ ਦੇ ਦੂਜੇ ਸਰਕਾਰੀ ਵਿਭਾਗਾਂ ਅਤੇ ਪ੍ਰਸ਼ਾਸਕੀ ਢਾਂਚਿਆਂ ਨਾਲ ਤਾਲਮੇਲ ਰਾਹੀਂ ਕੰਮ ਨੂੰ ਯਕੀਨੀ

**ਕਮਿਊਨਿਟੀ ਪੁਲਿਸਿੰਗ ਦਾ ਸੰਸਥਾਕਰਣ**

- ਸਰਕਾਰੀ ਨੋਟੀਫਿਕੇਸ਼ਨ
- ਐਨਜੀਓ ਸੰਗਠਨਾਂ ਦੀ ਸਿਰਜਣਾ: ਸੋਸਾਇਟੀਜ਼ ਐਕਟ ਅਧੀਨ ਰਜਿਸਟਰੇਸ਼ਨ
- ਪੁਲਿਸ-ਕਮਿਊਨਿਟੀ ਮਾਲਕੀ
- ਪੁਲਿਸ-ਕਮਿਊਨਿਟੀ ਸਕੀਮਾਂ ਅਤੇ ਸਰਗਰਮੀਆਂ ਦਾ ਨੋਡਲ ਕੇਂਦਰ
- ਸੇਵਾਵਾਂ ਦੀ ਮਿਆਰੀ ਪੂਰਤੀ

ਬਣਾਉਂਦੇ ਹਨ। ਇਹ ਜ਼ਿਲਾ ਪੱਧਰ ਉਤੇ ਅਮਲੇ ਦੀ ਸਿਖਲਾਈ ਨੂੰ ਚੁਸਤ ਦਰੁਸਤ ਬਣਾਉਂਦਾ ਹੈ ਅਤੇ ਪੰਜਵੀ ਅਤੇ ਛੇਵੀਂ ਟਾਇਰ , ਅਰਥਾਤ, ਸਬ-ਡਿਵੀਜ਼ਨ ਸਾਂਝ ਕੇਂਦਰ (ਸੀ.ਪੀ.ਐਸ.ਸੀ.) ਅਤੇ ਥਾਣਾ ਪੱਧਰ ਉਤੇ ਥਾਣਾ ਸਾਂਝ ਕੇਂਦਰ (ਪੀ.ਐਸ.ਓ.ਸੀ.) ਵਿਚਾਲੇ ਤਾਲਮੇਲ ਕਰਦਾ ਹੈ।

- ਸਾਂਝ ਕੇਂਦਰ (ਸੀ.ਪੀ.ਆਰ.ਸੀ., ਸੀ.ਪੀ.ਐਸ.ਸੀ. ਅਤੇ ਪੀ.ਐਸ.ਓ.ਸੀ.) ਰਜਿਸਟ੍ਰਡ ਖੁਦਮੁਖਤਿਆਰ ਸਭਾਵਾਂ ਹਨ, ਜੋ ਪੁਲਿਸ, ਪ੍ਰਸ਼ਾਸਨ ਅਤੇ ਨਾਗਰਿਕ ਸਮਾਜ ਦੇ ਨੁਮਾਇੰਦਿਆਂ ਨਾਲ ਭਾਈਵਾਲੀ ਵਿਚ ਕੰਮ ਕਰਦੀਆਂ ਹਨ। ਇਹਨਾਂ ਦੇ ਮੁਖ ਲੱਛਣ ਇਸ ਪ੍ਰਕਾਰ ਹਨ:
  - ਕਮਿਊਨਿਟੀ ਅਤੇ ਪੁਲਿਸ ਵਲੋਂ ਸਾਂਝੇ ਤੌਰ ਤੇ ਚਲਾਈਆਂ ਜਾਂਦੀਆਂ ਹਨ;
  - ਫੈਸਲੇ ਲੈਣ ਤੋਂ ਲੈ ਕੇ ਲਾਗੂ ਕਰਨ ਤਕ ਕਮਿਊਨਿਟੀ ਅਤੇ ਪੁਲਿਸ ਦੀ ਮਿਲਵਰਤਣ;
  - ਪੁਲਿਸ ਅਤੇ ਕਮਿਊਨਿਟੀ ਦੇ ਸਰੋਤਾਂ ਨੂੰ ਜਮਾਂ ਕਰ ਲੈਣਾ
- ਪੁਲਿਸ ਕਮਿਊਨਿਟੀ ਪਸਾਰ ਸੇਵਾਵਾਂ ਲਈ ਇਹ ਕੇਂਦਰ ਨੋਡਲ ਸਥਾਨ ਹੁੰਦੇ ਹਨ
  - ਸ਼ਿਕਾਇਤ ਨਿਵਾਰਨ ਅਤੇ ਸ਼ਿਕਾਇਤ ਪ੍ਰਾਪਤੀ ਅਤੇ ਸਮਾਂਬੱਧ ਸੇਵਾ ਕੇਂਦਰ
  - ਲੋਕ-ਮੁਖੀ ਸਕੀਮਾਂ
  - ਆਮ ਜਾਣਕਾਰੀ, ਨਿਯਮ ਅਤੇ ਵਿਧੀਆਂ ਲਈ ਸਰੋਤ ਆਧਾਰ
  - ਤਸਦੀਕ, ਜੁਰਮ ਰੋਕਥਾਮ ਅਤੇ ਹੋਰ ਸੇਵਾਵਾਂ ਲਈ ਕਮਿਊਨਿਟੀ ਸੇਵਾ ਕੇਂਦਰ
  - ਪੀੜਤ ਸਹਾਇਤਾ ਯੂਨਿਟ
  - ਬਾਲ ਯੂਨਿਟ
  - ਲਿੰਗ, ਜੁਰਮ ਰੋਕਥਾਮ, ਬੱਚਿਆਂ ਦੇ ਅਧਿਕਾਰ ਵਰਗੇ ਸਮਾਜਿਕ ਮੁੱਦਿਆਂ ਬਾਰੇ ਸਿਖਲਾਈ ਅਤੇ ਸੰਵੇਦਨਾ ਉਸਾਰੀ ਕੇਂਦਰ
  - ਇਸਤਰੀਆਂ ਅਤੇ ਬੱਚਿਆਂ ਲਈ ਸਹਾਇਤਾ ਲਾਈਨ (ਹੈਲਪ ਲਾਈਨ)
  - ਲੋਕਾਂ ਅਤੇ ਐਨਆਰਆਈ ਵਰਗੇ ਪਰਵਾਸੀ ਲੋਕਾਂ ਲਈ ਸਹਾਇਤਾ ਕੇਂਦਰ

## ਕਮਿਊਨਿਟੀ ਪੁਲਿਸ ਕੇਂਦਰਾਂ — ਸਾਂਝ ਕੇਂਦਰਾਂ — ਦੀ ਸਾਰਥਕਤਾ

- ਪੁਲਿਸ ਸੇਵਾਵਾਂ ਤਕ ਲੋਕਾਂ ਦੀ ਸੌਖੀ ਅਤੇ ਸਨਮਾਨਜਨਕ ਪਹੁੰਚ
- ਕਮਿਊਨਿਟੀ ਪੁਲਿਸ ਰਿਸ਼ਤਿਆਂ ਵਿਚ ਸੁਧਾਰ

- ਸੇਵਾਵਾਂ ਅਤੇ ਵਿਹਾਰ ਵਿਚ ਪਾਰਦਰਸ਼ਤਾ
- ਸਾਰੇ ਨਾਗਰਿਕਾਂ ਅਤੇ ਕਮਿਊਨਿਟੀ ਦੇ ਸਾਰੇ ਤਬਕਿਆਂ ਦੇ ਅਧਿਕਾਰਾਂ ਨੂੰ ਮੁਖਾਤਬ ਹੋਣ ਦਾ ਮੰਚ
- ਜੁਰਮਾਂ ਨਾਲ ਨਿਪਟਣ ਅਤੇ ਸ਼ਿਕਾਇਤ ਨਿਵਾਰਨ ਵਿਚ ਲੋਕਾਂ ਦਾ ਭਰੋਸਾ ਉਸਾਰਦਾ ਹੈ।

## ਕਮਿਊਨਿਟੀ ਪੁਲਿਸਿੰਗ : ਧਾਰਨਾ

- ਕਮਿਊਨਿਟੀ ਪੁਲਿਸਿੰਗ ਨੂੰ ਮੌਜੂਦ ਪੁਲਿਸਿੰਗ ਸਿਸਟਮ ਨਾਲ ਸੁਮੇਲਣ ਦਾ **ਸੰਸਥਾਕ੍ਰਿਤ** ਉਪਰਾਲਾ।
- ਇਹ ਜੁਰਮਾਂ ਦੀ ਰੋਕਥਾਮ, ਸ਼ਿਕਾਇਤ ਨਿਵਾਰਨ, ਪੀੜਤ ਸਹਾਇਤਾ ਲਈ ਅਤੇ ਕਾਨੂੰਨਾਂ, ਨਿਯਮਾਂ ਅਤੇ ਕਾਰਜ ਵਿਧੀਆਂ, ਨਾਗਰਿਕ ਅਧਿਕਾਰਾਂ ਅਤੇ ਫਰਜ਼ਾਂ ਬਾਰੇ ਜਾਣਕਾਰੀ ਦੇਣ ਲਈ, **ਕਮਿਊਨਿਟੀ ਪੁਲਿਸ ਭਾਗੀਦਾਰੀ ਲਈ ਸਥਾਨ** ਮੁਹੱਈਆ ਕਰਦਾ ਹੈ।
- ਇਸ ਦੇ ਵਿਚ ਹੀ ਸਿਵਲ, ਨਿਆਇਕ ਅਤੇ ਗੈਰ-ਸਰਕਾਰੀ ਸੰਗਠਨਾਂ ਨਾਲ **ਤਾਲਮੇਲ ਲਈ ਅੰਤਰ-ਨਿਰਮਿਤ ਮੈਕਾਨਿਜ਼ਮ** ਹੁੰਦਾ ਹੈ।
- ਸਾਂਝ ਕੇਂਦਰ  ਕਮਿਊਨਿਟੀ ਦੇ ਨਾਲ ਭਾਗੀਦਾਰੀ ਵਿਚ ਪੁਲਿਸਿੰਗ ਦਾ ਛੇ-ਪਰਤੀ (ਸਿਕਸ ਟਾਇਰ) ਸਿਸਟਮ ਹੁੰਦਾ ਹੈ, ਜਿਸ ਨੂੰ ਸਿਵਲ ਸਮਾਜ, ਵਿਸ਼ੇਸ਼ੱਗ, ਐਨਜੀਓ ਸੰਗਠਨਾਂ, ਪੁਲਿਸ ਮੁਲਾਜ਼ਮਾਂ ਅਤੇ ਸਿਵਲ ਪ੍ਰਸ਼ਾਸਨ ਦੇ ਨੁਮਾਇੰਦਿਆਂ ਨਾਲ ਬਣੀਆਂ ਕਮੇਟੀਆਂ ਰਾਹੀਂ ਚਲਾਇਆ ਜਾਂਦਾ ਹੈ।
- ਰਾਜ ਪੱਧਰ ਉਤੇ ਇਕ ਕਮਿਊਨਿਟੀ ਅਫੇਅਰਜ਼ ਡਿਵੀਜ਼ਨ (ਸੀਏਡੀ) ਸਥਾਪਿਤ ਕੀਤਾ ਗਿਆ ਹੈ। ਜ਼ਿਲਾ ਪੱਧਰ ਉਤੇ ਜ਼ਿਲਾ ਸਾਂਝ ਕੇਂਦਰ (ਸੀਪੀਆਰਸੀ) ਅਤੇ ਸਬ ਡਿਵੀਜ਼ਨ ਦੇ ਪੱਧਰ ਉਤੇ ਸਬ-ਡਿਵੀਜ਼ਨ ਸਾਂਝ ਕੇਂਦਰ ਬਣਾਏ ਗਏ ਹਨ। ਥਾਣਾ ਪੱਧਰ ਉਤੇ ਦੂਰ ਦੁਰਾਡੇ ਤਕ ਪਹੁੱਚ ਵਾਸਤੇ ਥਾਣਾ ਸਾਂਝ ਕੇਂਦਰ ਕਾਇਮ ਕੀਤੇ ਗਏ ਹਨ।
- ਇਹਨਾਂ ਸਾਰੀਆਂ ਪਰਤਾਂ ਦੇ ਅਗੇ ਵੱਲ ਵੀ ਸੰਪਰਕ ਹਨ ਅਤੇ ਪਿਛੇ ਵੱਲ ਵੀ। ਰਾਜ ਪੱਧਰ ਦੀ ਕਮੇਟੀ ਨੀਤੀ ਦੀਆਂ ਸੇਧਾਂ ਦਿੰਦੀ ਹੈ, ਯੋਗਤਾ ਉਸਾਰੀ ਲਈ ਸਮਰਥਨ ਦਿੰਦੀ ਹੈ ਅਤੇ ਤਾਲਮੇਲ ਦੀ ਪਰਣਾਲੀ ਨੂੰ ਮਜ਼ਬੂਤ ਕਰਦੀ ਹੈ। ਬਾਕੀ ਸਾਰੀਆਂ ਪਰਤਾਂ (ਟਾਇਰ) ਆਧਾਰ ਸੇਵਾਵਾਂ ਮੁਹੱਈਆ ਕਰਦੀਆਂ ਹਨ ਅਤੇ ਉਹ ਆਪਣੀਆਂ ਆਪਦੀਆਂ ਸਥਾਨਕ ਪੱਧਰ ਦੀਆਂ ਲੋੜ ਆਧਾਰਤ ਸਕੀਮਾਂ ਉਲੀਕਦੀਆਂ ਹਨ।
- ਹਰ ਸਾਂਝ ਕੇਂਦਰ (ਸੀਪੀਆਰਸੀ) ਇਕ ਖੁਦਮੁਖਤਿਆਰ ਰਜਿਸਟ੍ਰਡ ਸਭਾ ਹੁੰਦਾ ਹੈ ਜਿਸ ਨੂੰ ਭਾਈਚਾਰੇ ਦੇ ਨੁਮਾਇੰਦੇ ਅਤੇ ਪੁਲਿਸ ਦੇ ਮੁਲਾਜ਼ਮ ਸਾਂਝੇ

ਤੌਰ ਤੇ ਚਲਾਉਂਦੇ ਹਨ। ਇਹ ਪੁਲਿਸ ਨਾਲ ਸੰਬੰਧਤ ਮਾਮਲਿਆਂ ਤਕ ਸਨਮਾਨਜਨਕ ਪਹੁੰਚ ਅਤੇ ਕਮਿਊਨਿਟੀ ਮੁਖੀ ਪ੍ਰੋਗਰਾਮਾਂ ਨੂੰ ਲਾਗੂ ਕਰਨ ਲਈ ਮੰਚ ਮੁਹੱਈਆ ਕਰਦੇ ਹਨ।

- ਕਮਿਊਨਿਟੀ ਪੁਲਿਸਿੰਗ ਚੁਣਵੀਆਂ ਕਾਰਵਾਈਆਂ ਲਾਗੂ ਕਰਦੀ ਹੈ, ਜਿਹਨਾਂ ਨੂੰ 'ਬੁਨਿਆਦੀ ਸਰਗਰਮੀਆਂ' ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਉਹ ਇਲਾਕੇ ਦੀਆਂ ਲੋੜ ਮੁਤਾਬਕ ਸਥਾਨ ਵਿਸ਼ੇਸ਼ ਦੀਆਂ ਕਾਰਵਾਈਆਂ ਵੀ ਅਮਲ ਵਿਚ ਲਿਆਉਂਦੀ ਹੈ। ਆਧਾਰ ਸਰਗਰਮੀਆਂ ਸਮੁੱਚੇ ਦੇਸ਼ ਵਿਚ ਦਿਤੀ ਜਾਣ ਵਾਲੀ ਸੇਵਾ ਨੂੰ ਮਿਆਰੀ ਬਣਾਉਣ ਵਿਚ ਸਹਾਇਤਾ ਕਰਦੀਆਂ ਹਨ, ਜਦੋਂ ਕਿ ਇਲਾਕਾ ਵਿਸ਼ੇਸ਼ ਦੀਆਂ ਜ਼ਰੂਰਤਾਂ ਅਨੁਸਾਰ ਸਰਗਰਮੀਆਂ ਸ਼ੁਰੂ ਕਰਨ ਨਾਲ ਖੁਦਮੁਖਤਿਆਰੀ ਯਕੀਨੀ ਬਣਦੀ ਹੈ ਅਤੇ ਇਸ ਤਰ੍ਹਾਂ ਕਮਿਊਨਿਟੀ ਪੁਲਿਸਿੰਗ ਜਾਨਦਾਰ ਧੜਕਣ ਬਣਦੀ ਅਤੇ ਸਥਾਨਕ ਵਸੋਂ ਦੀਆਂ ਸਭਿਆਚਾਰਕ ਲੋੜਾਂ ਪ੍ਰਤੀ ਹੁੰਗਾਰਾ ਭਰਦੀ ਹੈ।
- ਇਲਾਕਾ ਵਿਸ਼ੇਸ਼ ਦੀਆਂ ਪਹਿਲਕਦਮੀਆਂ ਉਤੇ ਧਿਆਨ ਕੇਂਦਰਿਤ ਕਰਨ ਲਈ ਚੰਗਾ ਹੋਵੇਗਾ ਕਿ ਹਰ ਕਿਸਮ ਦੀਆਂ ਸਰਗਰਮੀਆਂ ਅਤੇ ਪਹਿਲਕਦਮੀਆਂ ਲਈ ਨਿਸ਼ਾਨਾ ਸਮੂਹ ਦੀ ਸ਼ਨਾਖਤ ਕਰ ਲਈ ਜਾਵੇ ਅਤੇ ਇਸ ਸਰਗਰਮੀ ਦਾ ਉਦੇਸ਼ ਅਤੇ ਟੀਚਿਆਂ ਦੀ ਪ੍ਰਾਪਤੀ ਲਈ ਅਤੇ ਸਰਗਰਮੀ ਦੇ ਪ੍ਰਬੰਧਨ ਲਈ ਵਿਸ਼ਾ-ਵਸਤੂ ਵੀ ਪਛਾਣ ਲਈ ਜਾਵੇ।

# ਭਾਗ-4

# ਕਮਿਊਨਿਟੀ ਪੁਲਿਸਿੰਗ ਪ੍ਰੋਗਰਾਮ (ਸਾਂਝ) ਦਾ ਸੰਸਥਾਗਤ ਢਾਂਚਾ

ਸਾਂਝ ਪ੍ਰੋਗਰਾਮ ਦਾ ਢਾਂਚਾ, ਇਸ ਦੇ ਵਿਭਿੰਨ ਪ੍ਰਸ਼ਾਸਨਿਕ ਪੱਧਰ, ਹਰ ਪੱਧਰ ਤੇ ਕਾਇਮ ਕੀਤੇ ਕੇਂਦਰ, ਇਹਨਾਂ ਕੇਂਦਰਾਂ ਦੇ ਪ੍ਰਸ਼ਾਸਨ ਅਤੇ ਇਹਨਾਂ ਕੇਂਦਰਾਂ ਦੀਆਂ ਇਕਾਈਆਂ ਅਤੇ ਉਹਨਾਂ ਦੇ ਕਰਤੱਵਾਂ ਨੂੰ ਹੇਠਾਂ ਵਰਣਨ ਕੀਤਾ ਗਿਆ ਹੈ।

ਇਸ ਕਮਿਊਨਿਟੀ ਪੁਲਿਸਿੰਗ ਪ੍ਰੋਗਰਾਮ ਸਾਂਝ ਦੇ ਨਿਮਨਲਿਖਤ ਲੱਛਣ ਹਨ ਜੋ ਇਸ ਨੂੰ ਵਿਲੱਖਣ ਬਣਾ ਦਿੰਦੇ ਹਨ।

- ਇਸ ਪ੍ਰੋਗਰਾਮ ਨੂੰ 'ਦ ਪੰਜਾਬ ਪੁਲਿਸ ਐਕਟ, 2007' ਰਾਹੀਂ ਸੰਸਥਾਈ ਰੂਪ ਦੇ ਕੇ ਕਾਨੂੰਨੀ ਤੌਰ ਤੇ ਲਾਜ਼ਮੀ ਬਣਾ ਦਿਤਾ ਗਿਆ ਹੈ; ਇੰਜ ਇਸ ਨੂੰ ਅਡਹਾਕਵਾਦ ਤੋਂ ਰਖਵਾਲੀ ਦੇ ਦਿਤੀ ਗਈ ਹੈ।
- ਬੜੀ ਬਾਰੀਕਬੀਨੀ ਨਾਲ ਵਿਉਂਤੇ ਗਏ ਇਹਨਾਂ ਕੇਂਦਰਾਂ ਨੂੰ 'ਵਿਅਕਤੀਗਤ ਤੌਰ ਤੇ' ਨਾ ਨਵੀਂ ਸ਼ਕਲ ਦਿਤੀ ਜਾ ਸਕਦੀ ਹੈ ਅਤੇ ਨਾ ਮੁੜ-ਸੰਗਠਤ ਕੀਤਾ ਜਾ ਸਕਦਾ ਹੈ।
- ਇਸ ਕੋਲ 'ਆਧਾਰ ਸਰਗਰਮੀਆਂ' ਹਨ ਜੋ ਇਸ ਨੂੰ ਮਿਆਰੀ ਰੂਪ ਦਿੰਦੀਆਂ ਹਨ; ਪਰ ਨਾਲ ਹੀ ਇਹ ਵੀ ਉਪਬੰਦ ਹੈ ਕਿ ਸਥਾਨਕ ਲੋੜਾਂ ਨੂੰ ਹੁੰਗਾਰਾ ਭਰਦਿਆਂ ਆਪਣੀਆਂ ਪਹਿਲਕਦਮੀਆਂ ਆਰੰਭੀਆਂ ਜਾ ਸਕਦੀਆਂ ਹਨ।
- ਇਸ ਦੇ ਪ੍ਰਸ਼ਾਸਨਿਕ ਯੂਨਿਟਾਂ ਦੇ ਹਰ ਪੱਧਰ ਉਤੇ, ਕਮੇਟੀਆਂ ਤੋਂ ਲੈ ਕੇ ਕਮਿਊਨਿਟੀ ਤਾਲਮੇਲ ਗਰੁੱਪਾਂ ਤਕ, ਕਮਿਊਨਿਟੀ ਦੀ ਸ਼ਮੂਲੀਅਤ ਨੂੰ ਅਖੰਡ ਹਿੱਸਾ ਬਣਾ ਦਿਤਾ ਗਿਆ ਹੈ।
- ਇਹ ਕੇਂਦਰ ਸੋਸਾਇਟੀਜ਼ ਐਕਟ ਤਹਿਤ ਰਜਿਸਟ੍ਰਡ ਹੋਏ ਹੁੰਦੇ ਹਨ ਅਤੇ ਪੁਲਿਸ ਅਤੇ ਪਬਲਿਕ ਦੇ ਨੁਮਾਇੰਦੇ ਇਹਨਾਂ ਦੇ ਮੈਂਬਰ ਹੁੰਦੇ ਹਨ।
- ਕਮਿਊਨਿਟੀ ਪੁਲਿਸਿੰਗ ਦੇ ਬਹੁਗਿਣਤੀ ਮੈਂਬਰ ਐਕਸ-ਆਫੀਸ਼ੋ (ਅਹੁਦੇ ਸਦਕਾ) ਹੁੰਦੇ ਹਨ, ਇਸ ਲਈ ਸਿਆਸੀ ਦਖਲਅੰਦਾਜ਼ੀ ਦੀ ਗੁੰਜਾਇਸ਼ ਘਟ ਜਾਂਦੀ ਹੈ।

# ਸਾਂਝ ਪ੍ਰੋਗਰਾਮ ਦਾ ਸੰਸਥਾਗਤ ਢਾਂਚਾ

## ਪੁਲਿਸ ਦਾ ਸੰਗਠਨ ਅਤੇ ਕਮਿਊਨਿਟੀ ਪੁਲਿਸ ਕੇਂਦਰਾਂ (ਸਾਂਝ ਕੇਂਦਰਾਂ) ਦਾ ਢਾਂਚਾ



## ਪ੍ਰਸ਼ਾਸਨਿਕ ਢਾਂਚਾ

ਸਾਂਝ ਪ੍ਰੋਗਰਾਮ ਦਾ ਛੇ-ਪਰਤੀ (ਸਿਕਸ ਟਾਇਰ) ਖੜ੍ਹਵਾਂ ਪ੍ਰਸ਼ਾਸਨਿਕ ਢਾਂਚਾ ਹੁੰਦਾ ਹੈ। ਲੇਟਵੇਂ ਤੌਰ ਤੇ ਹਰ ਪਰਤ ਦੇ ਸਰਕਾਰੀ ਵਿਭਾਗਾਂ ਅਤੇ ਕਮਿਊਨਿਟੀ ਢਾਂਚਿਆਂ ਨਾਲ ਬਹੁ-ਖੇਤਰੀ ਸੰਪਰਕ ਹਨ। ਹਰ ਖੇਤਰ ਆਪਣੀ ਪਰਤ ਦੇ ਕਰਤੱਵਾਂ ਵਿਚ ਬੁਣਿਆ ਹੋਇਆ ਹੈ।

### ਕਮਿਊਨਿਟੀ ਪੁਲਿਸਿੰਗ ਪ੍ਰੋਗਰਾਮ (ਸਾਂਝ) ਦਾ ਢਾਂਚਾ

| | |
|---|---|
| **ਸਟੇਟ ਪੁਲਿਸ ਹੈਡਕੁਆਟਰ** | ਕਮਿਊਨਿਟੀ ਅਫੇਅਰਜ਼ ਡਿਵੀਜ਼ਨ (ਸੀਏਡੀ) |
| **ਜੋਨਲ ਦਫਤਰ** | ਕਮਿਊਨਿਟੀ ਪੁਲਿਸਿੰਗ ਮੋਨੀਟਰਿੰਗ ਅਤੇ ਮੁੱਲਾਂਕਣ ਯੂਨਿਟ |
| **ਰੇਂਜ ਦਫਤਰ** | ਕਮਿਊਨਿਟੀ ਪੁਲਿਸਿੰਗ ਮੋਨੀਟਰਿੰਗ ਯੂਨਿਟ |
| **ਜ਼ਿਲਾ ਪੁਲਿਸ ਹੈਡਕੁਆਟਰ** | ਜ਼ਿਲਾ ਸਾਂਝ ਕਮੇਟੀ ਅਤੇ ਸਲਾਹਕਾਰ ਬੋਰਡ |
| | ਜ਼ਿਲਾ ਸਾਂਝ ਕੇਂਦਰ (ਸੀਪੀਆਰਸੀ)<br>1) ਸ਼ਿਕਾਇਤ ਨਿਵਾਰਨ ਯੂਨਿਟ<br>2) ਕਮਿਊਨਿਟੀ ਸੇਵਾਵਾਂ ਕਮ ਸੂਚਨਾ ਯੂਨਿਟ<br>I. ਐਨਆਰਆਈ ਅਤੇ ਵਿਦੇਸ਼ੀ ਕਾਊਂਟਰ<br>II. ਜੁਰਮ ਰੋਕਥਾਮ ਕਾਊਂਟਰ<br>III. ਤਸਦੀਕ ਅਤੇ ਆਗਿਆ ਕਾਊਂਟਰ<br>IV. ਆਰਟੀਆਈ ਕਾਊਂਟਰ<br>V. ਟਰੈਫਿਕ ਪ੍ਰਬੰਧਨ ਅਤੇ ਸੂਚਨਾ ਕਾਊਂਟਰ<br>3) ਕਾਨੂੰਨੀ ਸਹਾਇਤਾ ਅਤੇ ਪੀੜਤ ਸਹਾਇਤਾ ਯੂਨਿਟ<br>4) ਸੰਵੇਦਨੀਕਰਣ ਅਤੇ ਝਗੜਾ ਨਿਪਟਾਊ ਯੂਨਿਟ<br>(ੳ) ਮਰਦ ਔਰਤ ਝਗੜੇ ਨਜਿੱਠਣਾ<br>(ਅ) ਆਰਥਿਕ ਝਗੜੇ ਨਜਿੱਠਣਾ<br>(ੲ) ਸਮਾਜਿਕ ਅਤੇ ਸਿਆਸੀ ਝਗੜੇ ਨਜਿੱਠਣਾ |
| **ਸਬ-ਡਿਵੀਜ਼ਨ ਪੁਲਿਸ ਦਫਤਰ** | ਸਬ-ਡਿਵੀਜ਼ਨ ਸਾਂਝ ਕਮੇਟੀ ਅਤੇ ਸਲਾਹਕਾਰ ਬੋਰਡ |
| | ਸਬ-ਡਿਵੀਜ਼ਨ ਸਾਂਝ ਕੇਂਦਰ (ਸੀਪੀਐਸਸੀ)<br>1) ਕਮਿਊਨਿਟੀ ਸੇਵਾਵਾਂ ਕਮ ਸੂਚਨਾ ਯੂਨਿਟ<br>2) ਐਨਆਰਆਈ ਅਤੇ ਵਿਦੇਸ਼ੀ ਕਾਊਂਟਰ<br>3) ਮਰਦ ਔਰਤ ਝਗੜੇ ਨਜਿੱਠਣ ਯੂਨਿਟ |
| **ਥਾਣਾ (ਪੁਲਿਸ ਸਟੇਸ਼ਨ)** | ਥਾਣਾ ਸਾਂਝ ਕਮੇਟੀ ਅਤੇ ਸਲਾਹਕਾਰ ਬੋਰਡ |
| | ਥਾਣਾ ਸਾਂਝ ਕੇਂਦਰ (ਪੀਐਸਓਸੀ)<br>1) ਕਮਿਊਨਿਟੀ ਸੇਵਾਵਾਂ ਕਮ ਸੂਚਨਾ ਯੂਨਿਟ<br>2) ਮਰਦ ਔਰਤ ਅਤੇ ਸਮਾਜਿਕ ਝਗੜੇ ਨਜਿੱਠਣ ਯੂਨਿਟ |

## I. ਕਮਿਊਨਿਟੀ ਅਫੇਅਰਜ਼ ਡਿਵੀਜ਼ਨ (ਸੀਏਡੀ): ਪੁਲਿਸ ਹੈੱਡਕੁਆਟਰ ਲੈਵਲ

ਕਮਿਊਨਿਟੀ ਅਫੇਅਰਜ਼ ਡਿਵੀਜ਼ਨ (ਸੀਏਡੀ) ਪੰਜਾਬ ਪੁਲਿਸ ਹੈੱਡਕੁਆਟਰ ਉਤੇ ਸਥਿਤ ਹੈ। ਇਹ ਕਮਿਊਨਿਟੀ ਪੁਲਿਸਿੰਗ ਦੇ ਖੇਤਰ ਵਿਚ ਪ੍ਰੋਗਰਾਮਾਂ ਨੂੰ ਵਿਉਂਤਣ, ਵਿਕਸਤ ਕਰਨ ਅਤੇ ਨਿਰੀਖਣ (ਮੋਨੀਟਰ) ਦਾ ਕੰਮ ਕਰਦਾ ਹੈ। ਪ੍ਰੋਗਰਾਮ ਦੇ ਚੰਗੇਰੇ ਨਿਰੀਖਣ ਅਤੇ ਲਾਗੂ ਕਰਨ ਵਾਸਤੇ ਮੈਦਾਨੀ ਇਕਾਈਆਂ ਤੋਂ ਜੋ ਮਿਆਦੀ ਰਿਪੋਰਟਾਂ ਮਿਲਦੀਆਂ ਹਨ, ਉਹਨਾਂ ਬਾਰੇ ਕੈਡ (ਸੀਏਡੀ) ਫੈਸਲੇ ਲੈਂਦਾ ਹੈ। ਏਡੀਜੀਪੀ ਦੇ ਅਹੁਦੇ ਵਾਲਾ ਕੈਡ ਦਾ ਇਕ ਨੋਡਲ ਅਫਸਰ ਸਕੀਮ ਦੀ ਨੀਤੀ ਤਿਆਰ ਕਰਨ, ਲਾਗੂ ਕਰਨ, ਰੀਵਿਊ ਕਰਨ ਅਤੇ ਮੁੱਲਾਂਕਣ ਕਰਨ ਲਈ ਜ਼ਿੰਮੇਵਾਰ ਹੁੰਦਾ ਹੈ। ਨੋਡਲ ਅਫਸਰ ਦੀ ਸਹਾਇਤਾ ਆਈਜੀਪੀ/ ਹੈੱਡਕੁਆਟਰ ਕਰਦਾ ਹੈ ਜਿਸ ਨੂੰ ਹੁਣ ਨਵਾਂ ਅਹੁਦਾ ਇਸ ਪ੍ਰਕਾਰ ਦਿਤਾ ਜਾਂਦਾ ਹੈ: ਆਈਜੀਪੀ/ਹੈੱਡਕੁਆਟਰ -ਕਮ-ਕਮਿਊਨਿਟੀ ਅਫੇਅਰਜ਼। ਡੀਆਈਜੀ ਦੇ ਰੁਤਬੇ ਵਾਲੇ ਇਕ ਅਫਸਰ ਨੂੰ ਕੈਡ (ਸੀਏਡੀ) ਵਿਚ ਨਿਯੁਕਤ ਕਰਕੇ ਡੀਆਈਜੀ ਕਮਿਊਨਿਟੀ ਅਫੇਅਰਜ਼ ਬਣਾ ਦਿਤਾ ਜਾਂਦਾ ਹੈ। ਕੈਡ ਆਪਣਾ ਕੰਮ 'ਰਾਜ ਪੱਧਰੀ ਕਮੇਟੀ' ਅਤੇ ਜ਼ਿਲਾ ਕਮੇਟੀਆਂ ਨਾਲ ਸਲਾਹ ਕਰਕੇ ਕਰਦਾ ਹੈ।

| **ਕਮਿਊਨਿਟੀ ਅਫੇਅਰਜ਼ ਡਿਵੀਜ਼ਨ ਦੇ ਯੂਨਿਟ** |
| --- |
| • ਸ਼ਿਕਾਇਤ ਨਿਵਾਰਨ ਯੂਨਿਟ<br>• ਝਗੜਾ ਨਜਿੱਠਣ ਯੂਨਿਟ<br>• ਆਰਥਿਕ, ਮਰਦ-ਔਰਤ ਅਤੇ ਸਮਾਜਿਕ ਝਗੜਾ ਨਜਿੱਠਣ ਯੂਨਿਟ<br>• ਪਰਵਾਸੀ (ਐਨਆਰਆਈ) ਮਾਮਲੇ ਯੂਨਿਟ |

### ਪ੍ਰਸ਼ਾਸਨ

- ਨੋਡਲ ਅਫਸਰ: ਏਡੀਜੀਪੀ ਕਮਿਊਨਿਟੀ ਪੁਲਿਸਿੰਗ
- ਸਹਾਇਕ: ਆਈਜੀ ਕਮਿਊਨਿਟੀ ਪੁਲਿਸਿੰਗ

### ਕੈਡ (ਸੀਏਡੀ) ਦੀ ਭੂਮਿਕਾ ਅਤੇ ਕਾਰਜ

(i) ਰਾਜ ਵਿਚ ਕਮਿਊਨਿਟੀ ਪੁਲਿਸਿੰਗ ਦੀਆਂ ਪਹਿਲਕਦਮੀਆਂ ਦੀ ਧਾਰਨਾ ਬਣਾਉਣ ਅਤੇ ਸੰਸਥਾਈ ਰੂਪ ਦੇਣ ਲਈ ਨੀਤੀ ਤਿਆਰ ਕਰਨਾ।

(ii) ਜ਼ਿਲਾ ਸਾਂਝ ਕੇਂਦਰ (ਸੀਪੀਆਰਸੀ), ਸਬ-ਡਿਵੀਜ਼ਨ ਸਾਂਝ ਕੇਂਦਰ (ਸੀਪੀਐਸਸੀ) ਅਤੇ ਥਾਣਾ ਸਾਂਝ ਕੇਂਦਰ (ਪੀਐਸਓਸੀ) ਨੂੰ ਸਫਲਤਾ ਸਹਿਤ ਚਲਾਉਣ ਲਈ ਮੋਟੀਆਂ ਸੇਧਾਂ ਜਾਰੀ ਕਰਨਾ।

(iii) ਇਹਨਾਂ ਕੇਂਦਰਾਂ ਦੇ ਕੰਮਕਾਜ ਦਾ ਮਿਆਦੀ ਰੀਵਿਊ ਕਰਨਾ ਅਤੇ ਤਾਲਮੇਲ ਕਰਨਾ।

(iv) ਬੱਜਟ ਵਿਚ ਅਤੇ ਉਂਜ ਵਿਤੀ ਸਹਾਇਤਾ ਮੁਹੱਈਆ ਕਰਨਾ।

## II. ਕਮਿਊਨਿਟੀ ਪੁਲਿਸਿੰਗ ਮੋਨੀਟਰਿੰਗ ਅਤੇ ਮੁੱਲਾਂਕਣ ਯੂਨਿਟ (ਜੋਨ ਪੱਧਰ ਤੇ)

ਜੋਨ ਪੱਧਰ ਤੇ ਪੁਲਿਸ ਸਥਾਪਤੀ ਇਹਨਾਂ ਇਕਾਈਆਂ ਦਾ, ਕੈਡ ਵਲੋਂ ਜਾਰੀ ਸੇਧਾਂ ਮੁਤਾਬਕ, ਨਿਰੀਖਣ (ਮੋਨੀਟਰ) ਅਤੇ ਮੁੱਲਾਂਕਣ ਕਰਨ ਲਈ ਜ਼ਿੰਮੇਵਾਰ ਹੋਵੇਗੀ।

## III. ਕਮਿਊਨਿਟੀ ਪੁਲਿਸਿੰਗ ਮੋਨੀਟਰਿੰਗ ਯੂਨਿਟ (ਰੇਂਜ ਪੱਧਰ ਤੇ)

ਰੇਂਜ ਪੱਧਰ ਦੇ ਡੀਆਈਜੀ ਹੇਠੋਂ ਜ਼ਿਲਾ ਸਾਂਝ ਕੇਂਦਰ (ਸੀਪੀਆਰਸੀ), ਸਬ-ਡਿਵੀਜ਼ਨ ਸਾਂਝ ਕੇਂਦਰ (ਸੀਪੀਐਸਸੀ) ਅਤੇ ਥਾਣਾ ਸਾਂਝ ਕੇਂਦਰ (ਪੀਐਸਓਸੀ) ਤੋਂ ਪੁਜੀਆਂ ਕਮਿਊਨਿਟੀ ਪੁਲਿਸਿੰਗ ਸਾਂਝ ਪ੍ਰੋਗਰਾਮਾਂ ਬਾਰੇ ਰਿਪੋਰਟਾਂ ਆਪ ਦੇਖਕੇ ਅਤੇ ਨਾਲ ਆਪਣਾ ਪੂਰਵ-ਮੁਲਾਂਕਣ ਜੋੜਕੇ, ਉਸ ਦੇ ਮੁੱਲਾਂਕਣ ਲਈ ਰਿਪੋਰਟ ਜੋਨ ਪੱਧਰ ਉਤੇ ਕਾਰਜਸ਼ੀਲ ਕਮਿਊਨਿਟੀ ਪੁਲਿਸਿੰਗ ਦੇ ਨਿਰੀਖਣ ਅਤੇ ਮੁੱਲਾਂਕਣ ਯੂਨਿਟ ਨੂੰ ਪੇਸ਼ ਕਰੇਗਾ।

**ਕਮਿਊਨਿਟੀ ਪੁਲਿਸਿੰਗ ਦਾ ਮੁੱਲਾਂਕਣ**

- ਕੀ ਕਮਿਊਨਿਟੀ ਪੁਲਿਸਿੰਗ ਨੂੰ ਆਮ ਪੁਲਿਸਿੰਗ ਦਾ ਅਖੰਡ ਹਿੱਸਾ ਬਣਾਇਆ ਗਿਆ ਹੈ?
- ਕੀ ਕਮਿਊਨਿਟੀ ਪੁਲਿਸਿੰਗ ਨੂੰ ਮੁੱਖ ਧਾਰਾ ਬਣਾਉਣ ਦੇ ਸਮਰਥਨ ਲਈ ਸੰਸਥਾਗਤ ਪ੍ਰਬੰਧ ਕੀਤਾ ਗਿਆ ਹੈ?
- ਕੀ ਰੀਜਨਲ ਪੱਧਰ ਉਤੇ ਵਿਸ਼ਾਲ ਨੀਤੀ ਚੌਖਟੇ ਤੋਂ ਲੈ ਕੇ ਸੂਖਮ ਉਦਮ ਤਕ ਕਮਿਊਨਿਟੀ ਪੁਲਿਸਿੰਗ ਦਾ ਏਕੀਕਰਣ ਮੈਕਾਨਿਜ਼ਮ ਮੌਜੂਦ ਹੈ?
- ਕੀ ਏਕੀਕ੍ਰਿਤ ਮਾਡਲ ਉਤਸ਼ਾਹੁਣ ਲਈ ਦੂਜੇ ਸਰਕਾਰੀ ਅਤੇ ਗੈਰ-ਸਰਕਾਰੀ ਸੰਗਠਨਾਂ ਨਾਲ ਤਾਲਮੇਲ ਕਰਨ ਵਾਲੇ ਢਾਂਚੇ ਮੌਜੂਦ ਹਨ?
- ਕੀ ਪ੍ਰੋਗਰਾਮ ਦੀ ਕੋਈ ਸਿਆਸੀ ਮਾਲਕੀ ਹੈ?
- ਕੀ ਭਾਗੀਦਾਰੀ ਪਰਣਾਲੀਆਂ ਨੂੰ ਇਸ ਤਰ੍ਹਾਂ ਉਸਾਰਿਆ ਗਿਆ ਹੈ ਕਿ ਉਹ ਪਾਰਦਰਸ਼ਤਾ, ਜਵਾਬਦੇਹੀ ਅਤੇ ਮਾਲਕੀ ਨੂੰ ਉਤਸ਼ਾਹਤ ਕਰਦੇ ਹਨ?
- ਕੀ ਪ੍ਰੋਗਰਾਮ ਦਾ ਸਮਰਪਿਤ ਨਿਰੀਖਣ ਮੈਕਾਨਿਜ਼ਮ ਹੈ?
- ਕੀ ਵਿਉਂਤਬੰਦੀ ਅਤੇ ਅਮਲ ਦੇ ਕੰਮਕਾਜ ਵਿਚ ਵਿਭਿੰਨਤਾ ਦੀ ਨੁਮਾਇੰਦਗੀ ਦਾ ਪ੍ਰਗਟਾਵਾ ਹੁੰਦਾ ਹੈ?
- ਦਿਤੀਆਂ ਸੇਵਾਵਾਂ ਲਈ ਕਮਿਊਨਿਟੀ ਵਲੋਂ ਦਿਤੇ ਹੁੰਗਾਰੇ ਦਾ ਸੁਭਾਅ ਅਤੇ ਪੱਧਰ ਕੀ ਹੈ?
- ਕੀ ਕਮਿਊਨਿਟੀ ਦੇ ਨੁਮਾਇੰਦੇ ਹਿੱਤਭਾਗੀ (ਸਟੇਕਹੋਲਡਰ) ਬਣ ਗਏ ਹਨ?

# IV. ਜ਼ਿਲਾ ਸਾਂਝ ਕੇਂਦਰ — ਜ਼ਿਲਾ ਪੱਧਰ ਉਤੇ ਕਮਿਊਨਿਟੀ ਪੁਲਿਸ ਸਰੋਤ ਕੇਂਦਰ

## ਭੂਮਿਕਾ

ਜ਼ਿਲਾ ਪੱਧਰ ਉਤੇ ਸੀਆਰਪੀਸੀ (ਜ਼ਿਲਾ ਸਾਂਝ ਕੇਂਦਰਾਂ) ਦਾ ਦੂਜੇ ਸਰਕਾਰੀ ਵਿਭਾਗਾਂ ਅਤੇ ਪ੍ਰਸ਼ਾਸਕੀ ਢਾਂਚਿਆਂ ਨਾਲ ਨੈੱਟਵਰਕਿੰਗ ਯਕੀਨੀ ਬਣਾਉਣ ਲਈ ਜ਼ਿਲਾ ਸਾਂਝ ਕੇਂਦਰ (ਕਮਿਊਨਿਟੀ ਪੁਲਿਸ ਸਰੋਤ ਕੇਂਦਰ — ਸੀਪੀਆਰਸੀ) ਅਤੇ ਜ਼ਿਲਾ ਪੱਧਰੀ ਸਾਂਝ ਕਮੇਟੀਆਂ ਅਤੇ ਸਲਾਹਕਾਰ ਬੋਰਡ ਬਣੇ ਹੋਏ ਹਨ। ਇਹ ਜ਼ਿਲਾ ਪੱਧਰ ਉਤੇ ਅਮਲੇ ਦੀ ਸਿਖਲਾਈ ਨੂੰ ਵੀ ਚੁਸਤ ਦਰੁਸਤ ਕਰਦਾ ਹੈ ਅਤੇ ਪੰਜਵੀਂ ਤੇ ਛੇਵੀਂ ਪਰਤ ਨਾਲ, ਅਰਥਾਤ, ਸਬ-ਡਿਵੀਜ਼ਨ ਸਾਂਝ ਕੇਂਦਰਾਂ (ਸੀਪੀਐਸਸੀ) ਅਤੇ ਥਾਣੇ ਦੇ ਪੱਧਰ ਤੇ ਥਾਣਾ ਸਾਂਝ ਕੇਂਦਰਾਂ (ਪੀਐਸਓਸੀ) ਨਾਲ ਤਾਲਮੇਲ ਕਰਦਾ ਹੈ।

ਜ਼ਿਲਾ ਸਾਂਝ ਕੇਂਦਰ (ਸੀਪੀਆਰਸੀ) ਇਕੋ ਛੱਤ ਹੇਠ ਪੁਲਿਸ ਸੇਵਾਵਾਂ ਦੀ ਲੋਕ-ਮੁਖੀ ਪੂਰਤੀ ਮੁਹੱਈਆ ਕਰਨ ਦੇ ਜ਼ਿਲਾ ਪੱਧਰੀ ਕੇਂਦਰ ਹੁੰਦੇ ਹਨ। ਸਬ-ਡਿਵੀਜ਼ਨ ਸਾਂਝ ਕੇਂਦਰਾਂ ਅਤੇ ਥਾਣਾ ਸਾਂਝ ਕੇਂਦਰਾਂ ਤੋਂ ਸਾਰੀ ਸੂਚਨਾ ਇਥੇ ਇਕੱਤਰ ਅਤੇ ਸੰਗ੍ਰਹਿਤ ਕੀਤੀ ਜਾਂਦੀ ਹੈ। ਇਹ ਕੇਂਦਰ ਸੋਸਾਇਟੀਜ਼ ਐਕਟ ਤਹਿਤ ਰਜਿਸਟਰ ਕੀਤੇ ਜਾਣਗੇ।

### ਯੂਨਿਟ (ਇਕਾਈਆਂ)

- ਸ਼ਿਕਾਇਤ ਨਿਵਾਰਨ ਯੂਨਿਟ
- ਕਮਿਊਨਿਟੀ ਸੇਵਾਵਾਂ ਕਮ ਸੂਚਨਾ ਯੂਨਿਟ
    - ਐਨਆਰਆਈ ਅਤੇ ਵਿਦੇਸ਼ੀ ਕਾਊਂਟਰ
    - ਜੁਰਮ ਰੋਕਥਾਮ ਕਾਊਂਟਰ
    - ਤਸਦੀਕ ਅਤੇ ਆਗਿਆ ਕਾਊਂਟਰ
    - ਆਰਟੀਆਈ ਕਾਊਂਟਰ
    - ਟਰੈਫਿਕ ਪ੍ਰਬੰਧਨ ਅਤੇ ਸੂਚਨਾ ਕਾਊਂਟਰ
- ਕਾਨੂੰਨੀ ਸਹਾਇਤਾ ਅਤੇ ਪੀੜਤ ਸਹਾਇਤਾ ਯੂਨਿਟ
- ਸੰਵੇਦਨੀਕਰਣ ਅਤੇ ਝਗੜਾ ਨਿਪਟਾਊ ਯੂਨਿਟ
    - ਮਰਦ ਔਰਤ ਝਗੜੇ ਨਜਿੱਠਣਾ
    - ਆਰਥਿਕ ਝਗੜੇ ਨਜਿੱਠਣਾ
    - ਸਮਾਜਿਕ ਅਤੇ ਸਿਆਸੀ ਝਗੜੇ ਨਜਿੱਠਣਾ

## ਪ੍ਰਸ਼ਾਸਨ

- ਵੱਡੇ ਜਿਲਿਆਂ ਵਿੱਚ ਐਸ.ਪੀ. ਪੱਧਰ ਦੇ ਅਤੇ ਛੋਟੇ ਜਿਲਿਆਂ ਵਿੱਚ ਡੀ .ਐਸ. ਪੀ. ਪੱਧਰ ਦੇ ਅਫਸਰਾਂ ਨੂੰ ਡਿਸਟਰਿਕਟ ਕੰਮਿਉਨਿਟੀ ਪੁਲਿਸਿੰਗ ਅਫਸਰ ਡੀ.ਸੀ.ਪੀ.ਓ. (D.C.P.O.) ਨਾਮਜ਼ਦ ਕੀਤਾ ਜਾਵੇਗਾ।
    - ਇੰਚਾਰਜ ਜ਼ਿਲਾ ਸਾਂਝ ਕੇਂਦਰ (ਸੀਪੀਆਰਸੀ) ਰੋਜ਼ਾਨਾ ਦੀ ਕਾਰਗੁਜ਼ਾਰੀ ਦੀ ਸਮੀਖਿਆ ਕਰਦਾ ਹੈ।
    - ਵਿਭਿੰਨ ਸੇਵਾ ਪ੍ਰਦਾਤਾ ਵਿਭਾਗਾਂ ਨਾਲ ਤਾਲਮੇਲ ਕਰਦਾ ਹੈ।
    - ਸਾਂਝ ਕਮੇਟੀ ਅਤੇ ਸਲਾਹਕਾਰ ਬੋਰਡ ਦੀਆਂ ਮੀਟਿੰਗਾਂ ਦੀ ਕਾਰਵਾਈ ਨੂੰ ਰੀਕਾਰਡ ਕਰਨਾ ਅਤੇ ਬਰਕਰਾਰ ਰਖਣਾ ਵੀ।
    - ਹਫਤੇ ਵਿਚ ਇਕ ਵਾਰ ਐਸਐਸਪੀ ਦੀ ਸ਼ਿਕਾਇਤ ਨਿਵਾਰਨ ਮੀਟਿੰਗ ਆਯੋਜਤ ਕਰਨਾ।
    - ਕਨਵੀਨਰ ਅਤੇ ਕੋ-ਕਨਵੀਨਰ ਨਾਲ ਤਾਲਮੇਲ ਕਰਨਾ।
    - ਦੂਜੇ ਜ਼ਿਲਾ ਸਾਂਝ ਕੇਂਦਰਾਂ ਨਾਲ ਤਾਲਮੇਲ ਕਰਨਾ।
    - ਸਾਂਝੀਆਂ ਜਾਗਰੂਕਤਾ ਮੁਹਿੰਮਾਂ ਸੰਗਠਤ ਕਰਨਾ।
    - ਸਬ-ਡਿਵੀਜ਼ਨ ਸਾਂਝ ਕੇਂਦਰਾਂ (ਸੀਪੀਐਸੀ) ਅਤੇ ਥਾਣਾ ਸਾਂਝ ਕੇਂਦਰਾਂ (ਪੀਐਸਓਸੀ) ਨਾਲ ਤਾਲਮੇਲ ਕਰਨਾ।
    - **ਸਹਾਇਤਾ:** ਵੱਖ ਵੱਖ ਯੂਨਿਟਾਂ ਦੇ ਮੁਖੀਆਂ ਅਤੇ ਅਮਲੇ ਵਲੋਂ
    - ਸੁਆਗਤੀ ਮੇਜ਼ ਉਤੇ ਬਹੁਮੰਤਵੀ ਅਮਲਾ ਬੈਠਣਾ ਚਾਹੀਦਾ ਹੈ।
    - ਹਰ ਯੂਨਿਟ ਦਾ ਅਧਿਕਾਰਤ ਅਫਸਰ ਹੋਣਾ ਜ਼ਰੂਰੀ ਹੈ ।

## ਭੂਮਿਕਾ ਅਤੇ ਕਾਰਜ

- ਸ਼ਿਕਾਇਤਾਂ, ਐਫਆਈਆਰ ਦੀ ਸਥਿਤੀ, ਤਫਤੀਸ਼, ਚਾਰਜ ਸ਼ੀਟ ਆਦਿ ਬਾਰੇ ਆਨਲਾਈਨ ਦੀ ਸਹੂਲਤ ਦਿਤੀ ਜਾਂਦੀ ਹੈ।
- ਘਰੇਲੂ ਹਿੰਸਾ, ਵਿਆਹੁਤਾ ਝਗੜੇ, ਆਰਥਿਕ ਜੁਰਮ, ਕਾਨੂੰਨੀ ਸਹਾਇਤਾ, ਪੀੜਤ ਰਾਹਤ, ਐਨਆਰਆਈ ਸਹੂਲਤਾਂ ਸੰਬੰਧੀ ਮਸਲਿਆਂ ਦੇ ਹੱਲ ਲਈ ਸਲਾਹ ਦੇਣਾ।
- ਤਸਦੀਕ ਕਰਨ, ਜੁਰਮਾਂ ਦੀ ਰੋਕਥਾਮ ਅਤੇ ਹੋਰ ਸੇਵਾਵਾਂ ਲਈ ਕਮਿਊਨਿਟੀ ਸੇਵਾ ਕੇਂਦਰ।
- ਨਿਯਮਾਂ ਅਤੇ ਕਾਰਜ ਵਿਧੀਆਂ, ਆਵਾਜਾਈ ਕਾਨੂੰਨਾਂ ਆਦਿ ਬਾਰੇ ਸਹਾਇਤਾ ਫੋਨ ਨੰਬਰ ਅਤੇ ਆਮ ਜਾਣਕਾਰੀ।
- ਸਾਂਝ ਕਮੇਟੀ/ ਸਲਾਹਕਾਰ ਬੋਰਡ ਬਣਾਉਣਾ

### ਜ਼ਿਲਾ ਸਾਂਝ ਕੇਂਦਰਾਂ ਨੂੰ ਅਸਰਦਾਰ ਬਣਾਉਣ ਲਈ ਜ਼ਰੂਰੀ ਸ਼ਰਤਾਂ

- ਕੁਸ਼ਲ ਪਾਲਣਾ ਅਤੇ ਹਾਨੀ ਪੂਰਤੀ ਨੂੰ ਯਕੀਨੀ ਬਣਾਉਣ ਲਈ ਸ਼ਿਕਾਇਤ ਦੀ ਪ੍ਰਾਪਤੀ ਰਸੀਦ ਦੇਣਾ।
- ਯਕੀਨੀ ਬਣਾਉਣਾ ਕਿ ਲੋਕ ਜ਼ਿਲਾ ਸਾਂਝ ਕੇਂਦਰਾਂ ਦੀਆਂ ਕਮੇਟੀ ਮੀਟਿੰਗਾਂ ਵਿਚ ਆਪਣੀ ਚੰਗੀ ਤਰ੍ਹਾਂ ਸੋਚੀ ਸਮਝੀ ਰਾਏ ਪੇਸ਼ ਕਰਦੇ ਹਨ ਅਤੇ ਸੁਨਿਸਚਿਤ ਕਰਨਾ ਕਿ ਉਹਨਾਂ ਵਲੋਂ ਪ੍ਰਗਟ ਕੀਤੇ ਵਿਚਾਰ ਕਾਰਵਾਈ ਕਿਤਾਬ ਵਿਚ ਰੀਕਾਰਡ ਕਰ ਲਏ ਗਏ ਹਨ।
- ਬਾਕਾਇਦਾ ਅਤੇ ਅਕਸਰ ਕਮੇਟੀ ਦੀਆਂ ਮੀਟਿੰਗਾਂ ਕਰਨ ਨੂੰ ਯਕੀਨੀ ਬਣਾਉਣ ਲਈ ਸਰਗਰਮ ਰੁਚੀ ਲੈਣਾ।
- ਜ਼ਿਲਾ ਸਾਂਝ ਕੇਂਦਰਾਂ (ਸੀਪੀਆਰਸੀ) ਬਾਰੇ ਅਤੇ ਉਥੇ ਮਿਲਦੀਆਂ ਸੇਵਾਵਾਂ ਬਾਰੇ ਜਾਣਕਾਰੀ ਫੈਲਾਉਣਾ।
- ਲੋਕ ਜ਼ਿਲਾ ਸਾਂਝ ਕੇਂਦਰਾਂ ਦੀਆਂ ਸਰਗਰਮੀਆਂ ਵਿਚ ਹਿੱਸਾ ਲੈਣ।
- ਭਾਈਚਾਰੇ ਵਲੋਂ ਮਨੁੱਖੀ ਅਤੇ ਪਦਾਰਥਕ ਸਰੋਤਾਂ ਦਾ ਯੋਗਦਾਨ।

## V. ਸਬ-ਡਿਵੀਜ਼ਨ ਸਾਂਝ ਕੇਂਦਰ (ਸੀਪੀਐਸਸੀ) —ਸਬ-ਡਿਵੀਜ਼ਨ ਦੇ ਪੱਧਰ ਉਤੇ

### ਭੂਮਿਕਾ

ਸਭ ਤੋਂ ਹੇਠਲੇ ਪ੍ਰਸ਼ਾਸਨਿਕ ਯੂਨਿਟਾਂ ਤਕ ਪੁਲਿਸ ਦੀਆਂ ਸੇਵਾਵਾਂ ਦੀ ਦੂਰ ਦੁਰਾਡੇ ਤਕ ਪਹੁੰਚ ਵਧਾਉਣ ਲਈ ਸਬ-ਡਿਵੀਜ਼ਨ ਪੱਧਰ ਉਤੇ ਸਬ-ਡਿਵੀਜ਼ਨ ਸਾਂਝ ਕੇਂਦਰ ਸਥਾਪਿਤ ਕੀਤੇ ਗਏ ਹਨ। ਇਹਨਾਂ ਕੇਂਦਰਾਂ ਦੇ ਆਪਣੇ ਸਬ-ਡਿਵੀਜ਼ਨ ਸਾਂਝ ਕਮੇਟੀ ਅਤੇ ਸਲਾਹਕਾਰ ਬੋਰਡ ਹੋਣਗੇ।

**ਯੂਨਿਟ (ਇਕਾਈਆਂ)**

(i) ਕਮਿਊਨਿਟੀ ਸੇਵਾਵਾਂ ਕਮ ਸੂਚਨਾ ਯੂਨਿਟ
(ii) ਐਨਆਰਆਈ ਲਈ ਵਿਦੇਸ਼ੀ ਕਾਊਂਟਰ
(iii) ਮਰਦ-ਔਰਤ ਝਗੜੇ ਨਜਿੱਠਣ ਯੂਨਿਟ

## ਪ੍ਰਸ਼ਾਸਨ

- ਸਬ–ਡਿਵੀਜ਼ਨ ਸਾਂਝ ਕੇਂਦਰ (ਸੀਪੀਐਸਸੀ) ਦਾ ਇਨਚਾਰਜ ਰੋਜ਼ਾਨਾ ਦੀ ਕਾਰਗੁਜ਼ਾਰੀ ਦੀ ਸਮੀਖਿਆ ਕਰੇਗਾ।
- ਵਿਭਿੰਨ ਸੇਵਾ ਪ੍ਰਦਾਤਾ ਵਿਭਾਗਾਂ ਨਾਲ ਤਾਲਮੇਲ
- ਸਾਂਝ ਕਮੇਟੀ ਅਤੇ ਸਲਾਹਕਾਰ ਬੋਰਡ ਦੀਆਂ ਮੀਟਿੰਗਾਂ ਦੀ ਕਾਰਵਾਈ ਦਾ ਰੀਕਾਰਡ ਰਖਣਾ
- ਕਨਵੀਨਰ ਅਤੇ ਕੋ–ਕਨਵੀਨਰ ਨਾਲ ਤਾਲਮੇਲ ਕਰਨਾ
- ਜ਼ਿਲਾ ਸਾਂਝ ਕੇਂਦਰ (ਸੀਪੀਆਰਸੀ) ਨਾਲ ਤਾਲਮੇਲ ਰਖਣਾ
- ਜ਼ਿਲਾ ਸਾਂਝ ਕੇਂਦਰ (ਸੀਪੀਆਰਸੀ) ਨਾਲ ਮਿਲਕੇ ਸਾਂਝੀ ਚੇਤਨਾ ਮੁਹਿੰਮਾਂ ਚਲਾਉਣਾ
- ਥਾਣਾ ਸਾਂਝ ਕੇਂਦਰ (ਪੀਐਸਓਸੀ) ਨਾਲ ਤਾਲਮੇਲ ਕਰਨਾ
- ਰਿਸ੍ਰੈਪਸ਼ਨ ਡੈਸਕ (Reception Desk) ਬਹੁ-ਮੰਤਵੀ ਸਟਾਫ ਦੁਆਰਾ ਪ੍ਰਬੰਧਤ ਕੀਤਾ ਜਾਵੇਗਾ।
- ਹਰ ਯੂਨਿਟ ਦਾ ਇਕ ਅਧਿਕਾਰਤ ਅਫਸਰ ਹੋਣਾ ਜ਼ਰੂਰੀ ਹੈ।

## ਭੂਮਿਕਾ ਅਤੇ ਕਰਤੱਵ

- ਸ਼ਿਕਾਇਤਾਂ, ਐਫਆਈਆਰ ਦੀ ਸਥਿਤੀ, ਤਫਤੀਸ਼, ਚਾਰਜ ਸ਼ੀਟ ਆਦਿ ਬਾਰੇ ਜਾਣਕਾਰੀ ਲਈ ਆਨਲਾਈਨ (online) ਸਹੂਲਤ ਦਿਤੀ ਜਾਂਦੀ ਹੈ।
- ਘਰੇਲੂ ਹਿੰਸਾ, ਵਿਆਹੁਤਾ ਝਗੜੇ, ਆਰਥਿਕ ਜੁਰਮ, ਕਾਨੂੰਨੀ ਸਹਾਇਤਾ, ਪੀੜਤ ਰਾਹਤ, ਐਨਆਰਆਈ ਸਹੂਲਤਾਂ ਸੰਬੰਧੀ ਮਸਲਿਆਂ ਦੇ ਹੱਲ ਲਈ ਸਲਾਹ ਦੇਣਾ।
- ਤਸਦੀਕ ਕਰਨ, ਜੁਰਮਾਂ ਦੀ ਰੋਕਥਾਮ ਅਤੇ ਹੋਰ ਸੇਵਾਵਾਂ ਲਈ ਕਮਿਊਨਿਟੀ ਸੇਵਾ ਕੇਂਦਰ।
- ਸਾਂਝ ਕਮੇਟੀ/ ਸਲਾਹਕਾਰ ਬੋਰਡ ਬਣਾਉਣਾ

## ਸਬ–ਡਿਵੀਜ਼ਨ ਸਾਂਝ ਕੇਂਦਰਾਂ ਨੂੰ ਅਸਰਦਾਰ ਬਣਾਉਣ ਲਈ ਜ਼ਰੂਰੀ ਸ਼ਰਤਾਂ

- ਕੁਸ਼ਲ ਪਾਲਣਾ ਅਤੇ ਹਾਨੀ ਪੂਰਤੀ ਨੂੰ ਯਕੀਨੀ ਬਣਾਉਣ ਲਈ ਸ਼ਿਕਾਇਤ ਦੀ ਪ੍ਰਾਪਤੀ ਰਸੀਦ ਦੇਣਾ।
- ਯਕੀਨੀ ਬਣਾਉਣਾ ਕਿ ਲੋਕ ਸਬ–ਡਿਵੀਜ਼ਨ ਸਾਂਝ ਕੇਂਦਰਾਂ (ਸੀਪੀਐਸਸੀ) ਦੀਆਂ ਕਮੇਟੀ ਮੀਟਿੰਗਾਂ ਵਿਚ ਆਪਣੀ ਚੰਗੀ ਤਰ੍ਹਾਂ ਸੋਚੀ ਸਮਝੀ ਰਾਏ ਪੇਸ਼ ਕਰਦੇ ਹਨ ਅਤੇ ਸੁਨਿਸਚਿਤ ਕਰਨਾ ਕਿ ਉਹਨਾਂ ਵਲੋਂ ਪ੍ਰਗਟ ਕੀਤੇ ਵਿਚਾਰ ਕਾਰਵਾਈ ਕਿਤਾਬ ਵਿਚ ਰੀਕਾਰਡ ਕਰ ਲਏ ਗਏ ਹਨ।

- ਬਾਕਾਇਦਾ ਅਤੇ ਅਕਸਰ ਕਮੇਟੀ ਦੀਆਂ ਮੀਟਿੰਗਾਂ ਕਰਨ ਨੂੰ ਯਕੀਨੀ ਬਣਾਉਣ ਲਈ ਸਰਗਰਮ ਰੁਚੀ ਲੈਣਾ।
- ਸਬ-ਡਿਵੀਜ਼ਨ ਸਾਂਝ ਕੇਂਦਰਾਂ (ਸੀਪੀਐਸਸੀ) ਬਾਰੇ ਅਤੇ ਉਥੇ ਮਿਲਦੀਆਂ ਸੇਵਾਵਾਂ ਬਾਰੇ ਜਾਣਕਾਰੀ ਫੈਲਾਉਣਾ।

## VI. ਥਾਣਾ ਸਾਂਝ ਕੇਂਦਰ (ਪੀਐਸਓਸੀ)

### ਭੂਮਿਕਾ

ਥਾਣਿਆਂ ਦੇ ਪੱਧਰ ਤਕ ਕਮਿਊਨਿਟੀ ਪੁਲਿਸ ਦੀਆਂ ਸੇਵਾਵਾਂ ਲੈ ਕੇ ਆਉਣਾ ਇਸਦਾ ਅੰਤਮ ਨਿਸ਼ਾਨਾ ਹੈ। ਇਸ ਲਈ, ਕਮਿਊਨਿਟੀ ਸੇਵਾਵਾਂ ਦੇਣ ਲਈ ਹਰ ਪੁਲਿਸ ਸਟੇਸ਼ਨ ਨੂੰ ਥਾਣਾ ਸਾਂਝ ਕੇਂਦਰ ਵਜੋਂ ਵਿਕਸਤ ਕੀਤਾ ਜਾਵੇਗਾ।

**ਯੂਨਿਟ (ਇਕਾਈਆਂ)**

I. ਕਮਿਊਨਿਟੀ ਸੇਵਾਵਾਂ ਕਮ ਸੂਚਨਾ ਯੂਨਿਟ
II. ਮਰਦ-ਔਰਤ ਅਤੇ ਸਮਾਜਿਕ ਝਗੜੇ ਨਜਿੱਠਣ ਯੂਨਿਟ

### ਪ੍ਰਸ਼ਾਸਨ

- ਥਾਣਾ ਸਾਂਝ ਕੇਂਦਰ ਦਾ ਇੰਚਾਰਜ ਰੋਜ਼ਾਨਾ ਦੀ ਕਾਰਗੁਜ਼ਾਰੀ ਦੀ ਸਮੀਖਿਆ ਕਰੇਗਾ।
- ਵਿਭਿੰਨ ਸੇਵਾ ਪ੍ਰਦਾਤਾ ਵਿਭਾਗਾਂ ਨਾਲ ਤਾਲਮੇਲ
- ਜ਼ਿਲਾ ਸਾਂਝ ਕੇਂਦਰ (ਸੀਪੀਆਰਸੀ) ਅਤੇ ਸਬ-ਡਿਵੀਜ਼ਨ ਸਾਂਝ ਕੇਂਦਰ ਨਾਲ ਤਾਲਮੇਲ ਰਖਣਾ
- ਜ਼ਿਲਾ ਸਾਂਝ ਕੇਂਦਰ (ਸੀਪੀਆਰਸੀ) ਅਤੇ ਸਬ-ਡਿਵੀਜ਼ਨ ਸਾਂਝ ਕੇਂਦਰ ਦੇ ਨਿਰਦੇਸ਼ਾਂ ਦੀ ਪਾਲਣਾ ਕਰਨੀ

- **ਸਹਾਇਤਾ:** ਵੱਖ ਵੱਖ ਯੂਨਿਟਾਂ ਦੇ ਮੁਖੀਆਂ ਅਤੇ ਸਟਾਫ ਵਲੋਂ
  - ਰਿਸੈਪਸ਼ਨ ਡੈਸਕ (Reception Desk) ਦੀ ਜ਼ਿਮੇਵਾਰੀ ਬਹੁ-ਮੰਤਵੀ ਸਟਾਫ ਮੈਂਬਰ ਨੂੰ ਦੇਣਾ।
  - ਹਰ ਯੂਨਿਟ ਦਾ ਇਕ ਅਧਿਕਾਰਤ ਅਫਸਰ ਹੋਣਾ ਜ਼ਰੂਰੀ ਹੈ।

### ਭੂਮਿਕਾ ਅਤੇ ਕਰਤੱਵ

- ਸ਼ਿਕਾਇਤਾਂ, ਐਫਆਈਆਰ ਦੀ ਸਥਿਤੀ, ਤਫਤੀਸ਼, ਚਾਰਜ ਸ਼ੀਟ ਆਦਿ ਬਾਰੇ ਜਾਣਕਾਰੀ ਲਈ ਆਨਲਾਈਨ (online) ਸਹੂਲਤ ਦਿਤੀ ਜਾਂਦੀ ਹੈ।
- ਘਰੇਲੂ ਹਿੰਸਾ ਦੇ ਮਾਮਲਿਆਂ ਦੇ ਹੱਲ ਲਈ ਸਲਾਹ ਦੇਣਾ।
- ਤਸਦੀਕ ਕਰਨ, ਜੁਰਮਾਂ ਦੀ ਰੋਕਥਾਮ ਅਤੇ ਹੋਰ ਸੇਵਾਵਾਂ ਲਈ ਕਮਿਊਨਿਟੀ ਸੇਵਾ ਕੇਂਦਰ।
- ਸਾਂਝ ਕਮੇਟੀ / ਸਲਾਹਕਾਰ ਬੋਰਡ ਬਣਾਉਣਾ

### ਥਾਣਾ ਸਾਂਝ ਕੇਂਦਰਾਂ ਨੂੰ ਅਸਰਦਾਰ ਬਣਾਉਣ ਲਈ ਜ਼ਰੂਰੀ ਸ਼ਰਤਾਂ

- ਕੁਸ਼ਲ ਪਾਲਣਾ ਅਤੇ ਹਾਨੀ ਪੂਰਤੀ ਨੂੰ ਯਕੀਨੀ ਬਣਾਉਣ ਲਈ ਸ਼ਿਕਾਇਤ ਦੀ ਪ੍ਰਾਪਤੀ ਰਸੀਦ ਦੇਣਾ।
- ਬਾਕਾਇਦਾ ਅਤੇ ਅਕਸਰ ਸਾਂਝ ਕਮੇਟੀ/ ਸਲਾਹਕਾਰ ਬੋਰਡ ਦੀਆਂ ਮੀਟਿੰਗਾਂ ਕਰਨ ਨੂੰ ਯਕੀਨੀ ਬਣਾਉਣ ਲਈ ਸਰਗਰਮ ਰੁਚੀ ਲੈਣਾ।
- ਜ਼ਿਲਾ ਸਾਂਝ ਕੇਂਦਰਾਂ (ਸੀਪੀਆਰਸੀ), ਸਬ-ਡਿਵੀਜ਼ਨ ਸਾਂਝ ਕੇਂਦਰਾਂ (ਸੀਪੀਐਸਸੀ) ਬਾਰੇ, ਥਾਣਾ ਸਾਂਝ ਕੇਂਦਰਾਂ ਬਾਰੇ ਅਤੇ ਉਥੇ ਮਿਲਦੀਆਂ ਸੇਵਾਵਾਂ ਬਾਰੇ ਜਾਣਕਾਰੀ ਫੈਲਾਉਣਾ।

## ਕਮਿਊਨਿਟੀ ਪੁਲਿਸਿੰਗ ਪ੍ਰੋਗਰਾਮ ਸਾਂਝ ਦੇ ਮੁੱਖ ਨੁਕਤੇ

### ਕਮਿਊਨਿਟੀ ਪੁਲਿਸਿੰਗ ਦਾ ਪ੍ਰੋਗਰਾਮ ਸਾਂਝ ਕੀ ਚੀਜ਼ ਹੈ?

- ਕਮਿਊਨਿਟੀ ਅਤੇ ਪੁਲਿਸ ਵਲੋਂ ਸਾਂਝੇ ਤੌਰ ਤੇ ਚਲਾਇਆ ਜਾਂਦਾ ਹੈ;
- ਫੈਸਲੇ ਲੈਣ ਤੋਂ ਲੈ ਕੇ ਲਾਗੂ ਕਰਨ ਤਕ ਕਮਿਊਨਿਟੀ ਅਤੇ ਪੁਲਿਸ ਦੀ ਮਿਲਵਰਤਣ;
- ਪੁਲਿਸ ਅਤੇ ਕਮਿਊਨਿਟੀ ਦੇ ਸਰੋਤਾਂ ਨੂੰ ਜਮਾਂ ਕਰਨਾ

### ਕਮਿਊਨਿਟੀ ਪੁਲਿਸਿੰਗ ਨੂੰ ਸੰਸਥਾਗਤ ਰੂਪ ਦੇਣ ਦੀ ਕੀ ਲੋੜ ਹੈ?

- ਅਡਹਾਕ ਪਹਿਲਕਦਮੀਆਂ
- ਸਮਸਿਆ-ਮੁਖੀ ਅਤੇ ਵਿਅਕਤੀ-ਵਿਸ਼ੇਸ਼-ਕੇਂਦਰਿਤ ਦਖਲ
- ਸਰੋਤਾਂ ਦੀ ਵੱਧ ਤੋਂ ਵੱਧ ਸੰਭਵ ਵਰਤੋਂ ਹੋਣ ਦੀ ਘਾਟ

## ਕਮਿਊਨਿਟੀ ਪੁਲਿਸਿੰਗ ਦੇ ਸੰਸਥਾਕਰਣ ਲਈ ਕਦਮ

- ਸਰਕਾਰੀ ਅਧਿਸੂਚਨਾ (ਨੋਟੀਫਿਕੇਸ਼ਨ)
- ਐਨਜੀਓ (NGO) ਬਣਾਉਣਾ: ਸੋਸਾਇਟੀ ਐਕਟ ਤਹਿਤ ਰਜਿਸਟ੍ਰੇਸ਼ਨ
- ਪੁਲਿਸ-ਕਮਿਊਨਿਟੀ ਮਾਲਕੀ
- ਪੁਲਿਸ-ਕਮਿਊਨਿਟੀ ਸਕੀਮਾਂ ਅਤੇ ਸਰਗਰਮੀਆਂ ਲਈ ਨੋਡਲ ਕੇਂਦਰ
- (ਆਧਾਰ ਸੇਵਾਵਾਂ ਦੀ) ਮਿਆਰੀ ਸੇਵਾ ਪੂਰਤੀ

## ਕਮਿਊਨਿਟੀ ਪੁਲਿਸਿੰਗ ਦੇ ਢਾਂਚੇ ਦੀਆਂ ਵਿਸ਼ੇਸ਼ਤਾਵਾਂ

- ਸਾਂਝ ਕੇਂਦਰ ਕਮਿਊਨਿਟੀ ਨਾਲ ਭਾਗੀਦਾਰੀ ਵਿਚ ਚਲਾਇਆ ਜਾਂਦਾ ਪੁਲਿਸਿੰਗ ਦਾ ਛੇ ਪਰਤੀ (ਸਿਕਸ ਟਾਇਰ) ਸਿਸਟਮ ਹੈ। ਇਸ ਦਾ ਪ੍ਰਬੰਧ ਕਮੇਟੀਆਂ ਰਾਹੀਂ ਕੀਤਾ ਜਾਂਦਾ ਹੈ ਜਿਹਨਾਂ ਵਿਚ ਸਿਵਲ ਸਮਾਜ, ਵਿਸ਼ੇਸ਼ੱਗਾਂ, ਐਨਜੀਓ ਸੰਗਠਨਾਂ ਦੇ, ਪੁਲਿਸ ਅਧਿਕਾਰੀਆਂ ਅਤੇ ਸਿਵਲ ਪ੍ਰਸ਼ਾਸਨ ਦੇ ਨੁਮਾਇੰਦੇ ਸ਼ਾਮਲ ਹੁੰਦੇ ਹਨ।
- ਹਰ ਕਮਿਊਨਿਟੀ ਪੁਲਿਸ ਸੈਂਟਰ / ਸਾਂਝ ਕੇਂਦਰ ਇਕ ਖੁਦਮੁਖਤਿਆਰ ਰਜਿਸਟ੍ਰਡ ਸਭਾ ਹੁੰਦਾ ਹੈ।
- ਇਹਨਾਂ ਸਾਰੀਆਂ ਪਰਤਾਂ ਦੇ ਅਗੇ ਵੱਲ ਅਤੇ ਪਿਛੇ ਵਲ ਸੰਪਰਕ ਹੁੰਦੇ ਹਨ। ਰਾਜ ਪੱਧਰੀ ਕਮੇਟੀ ਨੀਤੀ ਨਿਰਦੇਸ਼ ਪ੍ਰਦਾਨ ਕਰਦੀ ਹੈ, ਯੋਗਤਾ ਉਸਾਰੀ ਲਈ ਸਮਰਥਨ ਦਿੰਦੀ ਹੈ ਅਤੇ ਤਾਲਮੇਲ ਦੀ ਪਰਣਾਲੀ ਨੂੰ ਮਜ਼ਬੂਤ ਕਰਦੀ ਹੈ। ਬਾਕੀ ਸਾਰੀਆਂ ਪਰਤਾਂ ਆਧਾਰ ਸੇਵਾਵਾਂ ਦਿੰਦੀਆਂ ਹਨ ਅਤੇ ਆਪਣੇ ਸਥਾਨਕ ਪੱਧਰ ਉਤੇ ਲੋੜ ਆਧਾਰਤ ਸਕੀਮਾਂ ਬਣਾ ਲੈਂਦੀਆਂ ਹਨ।
- ਪਹਿਲੀਆਂ ਤਿੰਨ ਪਰਤਾਂ ਮੁਖ ਤੌਰ ਤੇ ਨੀਤੀ ਘੜਣ, ਨਿਰੀਖਣ (ਮੋਨੀਟਰ) ਕਰਨ ਅਤੇ ਮੁੱਲਾਂਕਣ ਕਰਨ ਨਾਲ ਸੰਬੰਧਤ ਹੁੰਦੀਆਂ ਹਨ।
- ਬਾਕੀ ਦੀਆਂ ਪਰਤਾਂ — ਅਰਥਾਤ ਜ਼ਿਲਾ ਸਾਂਝ ਕੇਂਦਰ (ਸੀਪੀਆਰਸੀ), ਸਬ-ਡਿਵੀਜ਼ਨ ਸਾਂਝ ਕੇਂਦਰ (ਸੀਪੀਐਸਸੀ) ਅਤੇ ਥਾਣਾ ਸਾਂਝ ਕੇਂਦਰ (ਪੀਐਸਓਸੀ) — ਸੇਵਾਵਾਂ ਮੁਹਈਆ ਕਰਨ ਵਾਲੇ ਕੇਂਦਰ ਹੁੰਦੇ ਹਨ ਅਤੇ ਇਹਨਾਂ ਕੇਂਦਰਾਂ ਦੇ ਖੜ੍ਹਵੇਂ ਦਾਅ (Vertically) ਅਤੇ ਲੇਟਵੇਂ ਦਾਅ (Horizontally) ਮਜ਼ਬੂਤ ਸੰਪਰਕ ਹੁੰਦੇ ਹਨ। ਲੇਟਵੇਂ ਦਾਅ ਹਰ ਪਰਤ ਦੇ

ਪ੍ਰਸ਼ਾਸਕੀ ਵਿਭਾਗਾਂ ਅਤੇ ਕਮਿਊਨਿਟੀ ਢਾਂਚਿਆਂ ਨਾਲ ਬਹੁ-ਖੇਤਰੀ ਸੰਪਰਕ ਹੁੰਦੇ ਹਨ।

- ਜ਼ਿਲਾ ਪੱਧਰ ਉਤੇ ਜ਼ਿਲਾ ਸਾਂਝ ਕੇਂਦਰ (ਸੀਪੀਆਰਸੀ) ਦੇ ਸਭ ਤੋਂ ਵੱਧ ਯੂਨਿਟ ਅਤੇ ਕਾਊਂਟਰ ਹੁੰਦੇ ਹਨ। ਸਬ-ਡਿਵੀਜ਼ਨ ਦੇ ਪੱਧਰ ਉਤੇ ਸਬ-ਡਿਵੀਜ਼ਨ ਸਾਂਝ ਕੇਂਦਰ (ਸੀਪੀਐਸਸੀ) ਵਿਚ ਤਿੰਨ ਯੂਨਿਟ ਅਤੇ ਇਸੇ ਮੁਤਾਬਕ ਕਾਊਂਟਰ ਹੁੰਦੇ ਹਨ। ਅਤੇ ਥਾਣਾ ਸਾਂਝ ਕੇਂਦਰ (ਪੀਐਸਓਸੀ) ਵਿਚ ਦੋ ਯੂਨਿਟ ਹੁੰਦੇ ਹਨ।
- ਇਹਨਾਂ ਛੇ ਪਰਤਾਂ ਵਿਚੋਂ ਹਰ ਪਰਤ ਦਾ ਇਕ ਸਮੁਚੇ ਤੌਰ ਤੇ ਇਨਚਾਰਜ ਹੋਵੇਗਾ ਅਤੇ ਉਸਦੀ ਸਹਾਇਤਾ ਲਈ ਇਕ ਅਫਸਰ ਹੋਵੇਗਾ।
- ਸਾਰੇ ਜ਼ਿਲਾ, ਸਬ-ਡਿਵੀਜ਼ਨ ਅਤੇ ਥਾਣਾ ਸਾਂਝ ਕੇਂਦਰ (ਸੀਪੀਆਰਸੀ, ਸੀਪੀਐਸਸੀ ਅਤੇ ਪੀਐਸਓਸੀ) ਪ੍ਰਸ਼ਾਸਨਿਕ ਢਾਂਚੇ, ਟਰੇਨਿੰਗ, ਰਜਿਸਟ੍ਰੇਸ਼ਨ ਅਤੇ ਬੁਨਿਆਦੀ ਸੇਵਾਵਾਂ — ਜਿਵੇਂ ਕਾਨੂੰਨੀ ਸਹਾਇਤਾ ਅਤੇ ਪੀੜਤ ਰਾਹਤ ਯੂਨਿਟ, ਕਮਿਊਨਿਟੀ ਸੇਵਾ ਕਮ ਸੂਚਨਾ ਕੇਂਦਰ, ਝਗੜਾ ਨਜਿੱਠਣ ਯੂਨਿਟ ਅਤੇ ਸ਼ਿਕਾਇਤ ਨਿਵਾਰਨ ਯੂਨਿਟ — ਦੀ ਤੈਨਾਤੀ ਦੇ ਅਰਥਾਂ ਵਿਚ ਪ੍ਰਮਾਣਿਕ ਬਣਤਰ ਵਿਚ ਕੰਮ ਕਰਦੇ ਹਨ।

# ਭਾਗ-5

# ਪੰਜਾਬ ਵਿਚ ਸਾਂਝ ਕੇਂਦਰਾਂ ਦੀਆਂ ਇਕਾਈਆਂ

ਜੁਰਮਾਂ ਦੀ ਉਚਿਤ ਰੋਕਥਾਮ, ਨਿਆਂ ਦੀ ਪੂਰਤੀ, ਸਸਟੇਨੇਬਲ (sustainable) ਅਤੇ ਸੁਰੱਖਿਅਤ ਵਾਤਾਵਰਨ ਦੀ ਉਸਾਰੀ ਯਕੀਨੀ ਬਣਾਉਣ ਲਈ ਪੁਲਿਸ ਅਤੇ ਭਾਈਚਾਰੇ (ਕਮਿਊਨਿਟੀ) ਦੀ ਭਾਗੀਦਾਰੀ ਬਹੁਤ ਜ਼ਰੂਰੀ ਹੈ। ਫਲਸਰੂਪ, ਇਹ ਗੱਲ ਵੀ ਜ਼ਰੂਰੀ ਬਣ ਜਾਂਦੀ ਹੈ ਕਿ ਦੋਹਾਂ ਲਈ ਸਪਸ਼ਟ ਵੱਖਰਾ ਸਥਾਨ ਵੀ ਹੋਵੇ ਪਰ ਨਾਲ ਹੀ ਝਗੜਿਆਂ ਦੇ ਹੱਲ ਲਈ, ਜੁਰਮਾਂ ਦੀ ਸੂਹ ਲਈ, ਪੁਲਿਸ ਸੇਵਾਵਾਂ ਲਈ ਬਰਾਬਰ ਦੀ ਅਤੇ ਕੁਸ਼ਲ ਪਹੁੰਚ ਲਈ ਪ੍ਰਸਪਰ ਸੰਪਰਕ ਵਾਲੇ ਮੰਚ ਦਾ ਵੀ ਪ੍ਰਬੰਧ ਹੋਵੇ। ਸਿਵਲ ਸੇਵਾ ਸੁਵਿਧਾ ਕੇਂਦਰਾਂ ਤੋਂ ਉਲਟ, ਇਹਨਾਂ ਸਾਂਝ ਕੇਂਦਰਾਂ ਵਿਚ ਵਿਸ਼ੇਸ਼ੱਗ ਸਲਾਹਕਾਰ, ਮਨੁੱਖੀ ਸਰਗਰਮੀਆਂ ਦੇ ਵਿਭਿੰਨ ਖੇਤਰਾਂ ਦੇ ਮਾਹਿਰ, ਅਤੇ ਇਸ ਨਾਲੋਂ ਵੀ ਵਡੀ ਗੱਲ ਪੁਲਿਸ ਅਤੇ ਕਮਿਊਨਿਟੀ ਦਰਮਿਆਨ ਪ੍ਰਸਪਰ ਸਤਿਕਾਰ ਅਤੇ ਵਿਸ਼ਵਾਸ ਪੈਦਾ ਕਰਨ ਲਈ ਸੰਸਥਾਕ੍ਰਿਤ ਮੈਕਾਨਿਜ਼ਮ (mechanism) ਉਪਲਬਧ ਹਨ।

## ਜ਼ਿਲਾ ਸਾਂਝ ਕੇਂਦਰ (ਸੀਪੀਆਰਸੀ)

ਇਹਨਾਂ ਕੇਂਦਰਾਂ ਵਿਚ ਹੇਠ ਲਿਖੀਆਂ ਇਕਾਈਆਂ (ਯੂਨਿਟ) ਨੂੰ ਚਲਾਉਣਾ ਕਾਨੂੰਨੀ ਤੌਰ ਤੇ ਜ਼ਰੂਰੀ ਹੈ। ਪੀੜਤ ਰਾਹਤ, ਬਾਲ ਅਤੇ ਇਸਤਰੀ ਸੁਰੱਖਿਆ ਯੂਨਿਟਾਂ ਨੂੰ ਛੱਡਕੇ ਬਾਕੀ ਸਾਰੇ ਯੂਨਿਟ ਸਵੇਰੇ 8 ਵਜੇ ਤੋਂ ਸ਼ਾਮ ਦੇ 8 ਵਜੇ ਤਕ ਰੋਜ਼ਾਨਾ ਕੰਮ ਕਰਨਗੇ।

### ਜ਼ਿਲਾ ਸਾਂਝ ਕੇਂਦਰ (ਸੀਪੀਆਰਸੀ) ਦੇ ਯੂਨਿਟ

1) ਸ਼ਿਕਾਇਤ ਨਿਵਾਰਨ ਯੂਨਿਟ
2) ਕਮਿਊਨਿਟੀ ਸੇਵਾ ਕਮ ਸੂਚਨਾ ਯੂਨਿਟ
   ੳ. ਐਨਆਰਆਈ ਅਤੇ ਵਿਦੇਸ਼ੀ ਕਾਊਂਟਰ
   ਅ. ਜੁਰਮ ਰੋਕਥਾਮ ਕਾਊਂਟਰ
   ੲ. ਤਸਦੀਕ ਅਤੇ ਆਗਿਆ ਕਾਊਂਟਰ
   ਸ. ਆਰਟੀਆਈ ਕਾਊਂਟਰ
   ਹ. ਟਰੈਫਿਕ ਪ੍ਰਬੰਧ ਅਤੇ ਸੂਚਨਾ ਕਾਊਂਟਰ
3) ਕਾਨੂੰਨੀ ਸਹਾਇਤਾ ਅਤੇ ਪੀੜਤ ਰਾਹਤ ਯੂਨਿਟ
4) ਸੰਵੇਦਨਾਕਰਣ ਅਤੇ ਝਗੜਾ ਨਜਿੱਠਣ ਯੂਨਿਟ
   ੳ. ਮਰਦ ਔਰਤ ਦੇ ਝਗੜੇ ਹੱਲ ਕਰਨ ਦਾ ਕਾਊਂਟਰ
   ਅ. ਆਰਥਿਕ ਝਗੜੇ ਹੱਲ ਕਰਨ ਦਾ ਕਾਊਂਟਰ
   ੲ. ਸਮਾਜਿਕ ਅਤੇ ਸਿਆਸੀ ਝਗੜੇ ਨਜਿੱਠਣ ਦਾ ਕਾਊਂਟਰ

| ਜ਼ਿਲਾ ਸਾਂਝ ਕੇਂਦਰ (ਸੀਪੀਆਰਸੀ) ਦੇ ਇਨਚਾਰਜ ਦੀ ਭੂਮਿਕਾ |
|---|
| ○ ਰੋਜ਼ਾਨਾ ਦੀ ਕਾਰਗੁਜ਼ਾਰੀ ਦੀ ਸਮੀਖਿਆ ਕਰਨਾ।<br>○ ਵਿਭਿੰਨ ਸੇਵਾ ਪ੍ਰਦਾਤਾ ਵਿਭਾਗਾਂ ਨਾਲ ਤਾਲਮੇਲ ਕਰਨਾ।<br>○ ਸਾਂਝ ਕਮੇਟੀ ਅਤੇ ਸਲਾਹਕਾਰ ਬੋਰਡ ਦੀਆਂ ਮੀਟਿੰਗਾਂ ਦੀ ਕਾਰਵਾਈ ਨੂੰ ਰੀਕਾਰਡ ਕਰਨਾ ਅਤੇ ਬਰਕਰਾਰ ਰਖਣਾ ਵੀ।<br>○ ਹਫਤੇ ਵਿਚ ਇਕ ਵਾਰ ਐਸਐਸਪੀ ਦੀ ਸ਼ਿਕਾਇਤ ਨਿਵਾਰਨ ਮੀਟਿੰਗ ਆਯੋਜਤ ਕਰਨਾ।<br>○ ਕਨਵੀਨਰ ਅਤੇ ਕੋ-ਕਨਵੀਨਰ ਨਾਲ ਤਾਲਮੇਲ ਕਰਨਾ।<br>○ ਦੂਜੇ ਜ਼ਿਲਾ ਸਾਂਝ ਕੇਂਦਰਾਂ ਨਾਲ ਤਾਲਮੇਲ ਕਰਨਾ।<br>○ ਸਾਂਝੀਆਂ ਜਾਗਰੂਕਤਾ ਮੁਹਿੰਮਾਂ ਸੰਗਠਤ ਕਰਨਾ।<br>○ ਸਬ-ਡਿਵੀਜ਼ਨ ਸਾਂਝ ਕੇਂਦਰਾਂ (ਸੀਪੀਐਸੀ) ਅਤੇ ਥਾਣਾ ਸਾਂਝ ਕੇਂਦਰਾਂ (ਪੀਐਸਓਸੀ) ਨਾਲ ਤਾਲਮੇਲ ਕਰਨਾ। |

## ਪੇਸ਼ਾਵਰ ਯੋਗਤਾਵਾਂ

ਹਰ ਯੂਨਿਟ ਉਸਦੇ ਤਹਿਤ ਜ਼ਿਕਰ ਕੀਤੀਆਂ ਗਈਆਂ ਵਿਸ਼ੇਸ਼ ਸੇਵਾਵਾਂ ਮੁਹੱਈਆ ਕਰੇਗਾ। ਸੰਬੰਧਤ ਯੂਨਿਟ ਦੇ ਮਾਹਿਰਾਂ ਦੇ ਪੈਨਲ ਵਿਚ ਪੇਸ਼ਾਵਰ ਵਿਅਕਤੀ ਲਏ ਜਾਣਗੇ, ਜਿਵੇਂ ਪਤੀ-ਪਤਨੀ ਦੇ ਝਗੜਿਆਂ ਵਿਚ ਸਲਾਹਕਾਰ, ਆਰਥਿਕ ਅਪਰਾਧਾਂ ਨਾਲ ਨਿਪਟਣ ਲਈ ਕੰਪਿਊਟਰ ਜਾਂ ਵਿਤੀ ਮਾਹਿਰ।

## ਸੰਚਾਰ ਅਤੇ ਸੇਵਾ ਪੂਰਤੀ

- ਜ਼ਿਲਾ ਸਾਂਝ ਕੇਂਦਰ (ਸੀਪੀਆਰਸੀ) ਲਈ ਵਿਸ਼ੇਸ਼ ਤੌਰ ਤੇ ਰਾਖਵੀਆਂ ਫੋਨ ਲਾਈਨਾਂ ਉਪਲਬਧ ਹੋਣਗੀਆਂ, ਜਿਵੇਂ ਇਸਤਰੀ ਅਤੇ ਬਾਲ ਸਹਾਇਕ ਫੋਨ ਲਾਈਨਾਂ।
- ਰੈਫਰਲ ਸਿਸਟਮ ਲਾਜ਼ਮੀ ਹੋਣਾ ਚਾਹੀਦਾ ਹੈ।
- ਸੇਵਾਵਾਂ ਨਿਸਚਿਤ ਮੁਲਾਕਾਤ ਰਾਹੀਂ ਅਤੇ ਸਮਾਂਬੱਧ ਤਰੀਕੇ ਨਾਲ ਦਿਤੀਆਂ ਜਾਣਗੀਆਂ।

## ਨੈੱਟਵਰਕਿੰਗ ਅਤੇ ਏਜੰਸੀਆਂ ਨਾਲ ਤਾਲਮੇਲ

- ਮੰਗੇ ਜਾਣ ਉਤੇ ਐਨਜੀਓ ਅਤੇ ਵਿਭਾਗਾਂ ਵਲੋਂ ਸੇਵਾਵਾਂ ਦਿਤੀਆਂ ਜਾਣਗੀਆਂ

| ਜ਼ਿਲਾ ਸਾਂਝ ਕੇਂਦਰ ਦੇ ਕਾਰਜ | ਜ਼ਿਲਾ ਸਾਂਝ ਕੇਂਦਰ ਨੂੰ ਅਸਰਦਾਰ ਬਣਾਉਣ ਲਈ ਜ਼ਰੂਰੀ ਸ਼ਰਤਾਂ |
|---|---|
